ੴ ਸਤਿਗੁਰ ਪ੍ਰਸਾਦਿ ॥

# ਵਿਚਾਰ ਮਾਲਾ

## ਸਟੀਕ


ਟੀਕਾਕਾਰ

ਗਿਆਨੀ ਭਗਵਾਨ ਸਿੰਘ



ਪ੍ਰਕਾਸ਼ਕ :-

**ਭਾ. ਚਤਰ ਸਿੰਘ ਜੀਵਨ ਸਿੰਘ**

ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ । ਭੇਟਾ [illegible])



Sri Satguru Jagjit Singh Ji Elibrary NamdhariElibrary@gmail.com



*Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

LAHORI BOOK SHOP
LAJPAT RAI MARKET,
NEAR SOCIETY CINEMA
LUDHIANA-141008

੧ਓ ਸਤਿਗੁਰ ਪ੍ਰਸਾਦਿ ॥

# ਅਥ ਟੀਕਾ ਵਿਚਾਰ ਮਾਲਾ ਲਿਖਯਤੇ

ਦੋਹਰਾ- ਵਿਦਿਆ ਗੁਰੂ ਸ੍ਰੀ ਸੰਤ ਹਰਿ ਤਾਕੇ ਚਰਨ ਮਨਾਇ।
ਟੀਕਾ ਕਰਤ ਵਿਚਾਰ ਕੋ ਮਾਧਵ ਹਰਿ ਕਵਿ ਰਾਇ।

ਦੋਹਰਾ ॥

**ਨਮੋ ਨਮੋ ਸ੍ਰੀ ਰਾਮ ਜੂ ਸਤ ਚਿਤ ਆਨੰਦ ਰੂਪ।**
**ਜਹ ਜਾਨੇ ਜਗ ਸਵਪਨ ਵਤ ਨਾਮ ਪ੍ਰਭ ਤਮ ਕੂਪ ।੧।**

ਬਾਰ ਬਾਰ ਨਮਸ਼ਕਾਰ ਹੋਵੇ ਸ੍ਰੀ ਰਾਮਚੰਦਰ ਜੀ ਨੂੰ ਕੈਸੇ ਹਨ ਸ੍ਰੀ ਰਾਮ ਚੰਦਰ ਜੀ ਕਿ ਸਤ ਸਚੇ ਹਨ ਚਿਤ ਚੇਤਨ ਹਨ ਅਤੇ ਅਨੰਦ ਸ਼ਰੂਪ ਹਨ ਜਿਨਾਂ ਜਾਨਨੇ ਕਰਕੇ ਜਗਤ ਸੁਪਨੇ ਵਤ ਨਾਸਵੰਤ ਜਾਨੀਦਾ ਹੈ ਵਾ ਜਿਨਾ ਨੇ ਜਗਤ ਨਾਸਵੰਤ ਜਾਣਿਆਂ ਹੈ ਪਹਿਲਾਂ ਅਰਥ ਜਿਨਾ ਨੂੰ ਜਾਨਣ ਕਰਕੇ ਜਗਤ ਸੁਪਨੇ ਵਤ ਨਾਸਵੰਤ ਜਾਨੀਦਾ ਹੈ ਅਤੇ ਦੂਰ ਹੋ ਜਾਂਦਾ ਹੈ ਭਰਮ ਈਸ਼ਰ ਦਾ ਅੰਧੇਰੇ ਰੂਪੀ ਭਰਮ ਖੂਹੇ ਵਤ ਜੋ ਅਥਾਹ ਹੈ ਸੋ ਨਾਸ ਹੋ ਜਾਂਦਾ ਹੈ ॥੧॥

**ਰਾਮ ਮਯਾ ਸਤਿਗੁਰ ਦਯਾ ਸਾਧ ਸੰਗ ਜਬ ਹੋਇ।**
**ਤਬ ਪ੍ਰਾਣੀ ਜਾਨੈ ਕਛੂ ਰਹਿਓ ਖਿਖੈ ਰਸ ਭੋਇ ।੨।**

ਸ੍ਰੀ ਰਾਮ ਚੰਦਰ ਜੀ ਦੀ ਕ੍ਰਿਪਾ ਕਰਕੇ ਅਤੇ ਸਤਿਗੁਰਾਂ ਦੀ ਕਿਰਪਾ ਕਰਕੇ ਜਦ ਸਤ ਸੰਗਤ ਹੋਏ ਭਾਵ ਜਦ ਸੰਤਾਂ ਦਾ ਦਰਸ਼ਨ ਹੋਏ ਤਦ ਪਰਾਣੀ ਜੀਵ ਕੁਛ ਜਾਣਦਾ ਹੈ ਕਿ ਮੈਂ ਕਿਆ ਵਸਤੂ ਹਾਂ ਅਤੇ ਈਸਰ ਕਿਹਾ ਹੈ ਅਤੇ ਸੰਸਾਰ ਕਿਆ ਹੈ ਅਤੇ ਜਾਨੇ ਕਿਸ ਪ੍ਰਕਾਰ ਜੀਵਤਾ ਹੈ ਵਿਸ਼ਿਆਂ ਵਿਕਾਰਾਂ ਵਿਚ ਲਗ ਰਿਹਾ ਹੈ ਅਤੇ ਚੰਗੇ ਚੰਗੇ ਰਸਾਂ ਦੇ ਸਵਾਦ ਲੈਣ ਵਾਲਾ ਹੋਇਆ ਹੈ। ਭੋਇ ਨਾਮ ਜਾਨਣ ਦਾ ਹੈ ।2।

**ਪਗ ਬੰਦਨ ਆਨੰਦ ਯੁਤ ਕਰ ਸ੍ਰੀ ਦੇਵ ਮੁਰਾਰਿ।**
**ਵਿਚਾਰ ਮਾਲਾ ਬਰਨਨ ਕਰੋਂ ਮੌਨੀ ਜੂ ਉਰਧਾਰਿ ।੩।**

ਮੈ ਨਮਸ਼ਕਾਰ ਕਰਦਾ ਹਾਂ ਸ੍ਰੀ ਗੁਰੂ ਵਿਦਿਆ ਗੁਰੂ ਜੀ ਚਰਨ ਕਮਲਾਂ ਉਤੇ ਓਹ ਗੁਰੂ ਕੈਸੇ ਹਨ ਕਿ ਅਨੰਦ ਦੇ ਸੰਜੁਗਤ ਹਨ ਓਹਨਾਂ ਦੇ ਮੈਂ ਚਰਨੀ

ਨਮਸ਼ਕਾਰ ਕਰਦਾ ਹਾਂ ਸ੍ਰੀ ਸੁਭਾਇਨ ਹਨ ਅਤੇ ਪਰਕਾਸ਼ ਸਰੂਪ ਹਨ॥ ਅਤੇ ਗੁਰਨਾਮ ਦੈਂਤ ਹੰਕਾਰ ਦੇ ਮਾਰਨ ਵਾਲੇ ਹਨ ਹੁਣ ਮੈਂ ਕਿਸ ਵਾਸਤੇ ਗੁਰਾਂ ਨੂੰ ਮੰਨਾਵਦਾ ਹਾਂ ਕਿ ਇਕ ਵਿਚਾਰ ਦੀ ਮਾਲਾ ਪੰਗਤੀ ਕਵਨ ਭਾਵ ਕਿ ਵੇਦਾਂਤ ਦਾ ਗਰੰਥ ਬਨਾਂਵਦਾ ਹਾਂ ਜੋ ਵੇਦਾਂਤ ਦੀ ਪੌੜੀ ਹੋਵੇਗੀ ਸੋ ਮੋਨੀ ਆਪਣੇ ਘਟਾਂ ਨੂੰ ਰਿਦੇ ਵਿਚ ਧਾਰਨ ਕਰਕੇ ਵਾ ਜੋ ਇਸ ਗਰੰਥ ਨੂੰ ਰਿਦੇ ਵਿਚ ਧਰੇਗਾ ਸੋ ਮੋਨ ਹੋ ਜਾਵੇਗਾ। ਭਾਵ ਉਸਨੂੰ ਗਿਆਨ ਹੋ ਜਾਵੇਗਾ।੩।

**ਕਿੰਮੋਨੰ। ਯਹ ਮੈਂ ਮਮ ਯਹਿ ਨਾਹਿ ਸਮ ਸਬ ਬਿਕਲਪ ਭਏ ਛੀਨ। ਪਰਮਾਤਮ ਪੂਰਨ ਸਕਲ ਜਾਨ ਮੋਨਤਾ ਲੀਨ।੪।**

ਇਹ ਮੈਂ ਹਾਂ ਅਤੇ ਮੈਂ ਇਹ ਹਾਂ ਇਹ ਨਹੀਂ ਹਾਂ ਮੈਂ ਇਤ ਆਦਿਕ ਸਾਰੇ ਸੰਕਲਪ ਵਿਕਲਪ ਦੂਰ ਹੋ ਗਏ ਅਤੇ ਪਰਮਾਤਮਾਂ ਨੂੰ ਸਾਰੇ ਪੂਰਨ ਜਾਨਿਆਂ ਇਹ ਚੁਪ ਰਹਿਨ ਦਾ ਕਾਰਨ ਹੈ ਭਾਵ ਚੁਪ ਵਿਚ ਹੀ ਮਸਤ ਰਹੇ॥੪।

**ਗੁਰ ਉਸਤਤ। ਮਾਤ ਤਾਤ ਭ੍ਰਾਤਾ ਸੁਹਿਰਦ ਇਸ਼ਟ ਦੇਵ ਨ੍ਰਿਪ ਪ੍ਰਾਨ। ਅਨਾਥ ਸੁ ਸੁਰ ਸਭਕੇ ਅਧਿਕ ਦਾਨ ਗਿਆਨ ਬਿਗਿਆਨ।੫।**

ਮਾਤਾ ਪਿਤਾ ਭਾਈ ਪਿਆਰੇ ਦੋਸਤ ਗੁਰੂ ਰਾਜਾ ਅਤੇ ਅਪਣੇ ਪਰਾਨ ਕਵੀ ਜੀ ਕਹਿੰਦੇ ਹਨ ਕਿ ਗੁਰੂ ਸਾਹਿਬ ਇਹਨਾਂ ਨਾਲੋਂ ਵਡੇ ਹਨ ਅਤੇ ਉਤਕ੍ਰਿਸ਼ਟ ਹਨ ਦਾਨ ਵਿਦਿਆ ਆਦਿਕ ਦੇ ਦੇਣ ਵਿਚ ਗਿਆਨ ਪਰ ਮਾਹਤਮਾ ਗਿਆਨ ਵਿਸ਼ੇਸ਼ ਕਰਕੇ ਗਿਆਨ ਦੇ ਦਾਨ ਕਰਨ ਵਾਲੇ ਹਨ।੫।

**ਪ੍ਰਗਟ ਪੁਹਪ ਗੁਰ ਸੂਰਦਿਤ ਜਨ ਮਨ ਨਲਨ ਪ੍ਰਕਾਸ। ਅਨਾਥ ਕਮੋਦਨ ਬਿਬੁਖ ਜਨ ਕਬਹੂ ਨ ਹੋਇ ਹੁਲਾਸ।੬।**

ਪ੍ਰਗਟ ਹੀ ਧਰਤੀ ਉਤੇ ਗੁਰੂ ਸੂਰਜ ਦੀ ਦੂਤੀ ਸੋਭਾ ਨਿਆਈ ਹਨ ਅਪਣੇ ਜੋ ਦਾਸ ਹਨ ਕਮਲ ਵਤ ਇਹਨਾਂ ਨੂੰ ਪ੍ਰਫੁਲਤ ਕਰਨ ਵਾਲੇ ਹਨ ਕਵੀ ਜੀ ਕਹਿੰਦੇ ਹਨ ਕਿ ਜੋ ਕਮੀਆਂ ਦੀ ਨਿਆਈ ਬੇਮੁਖ ਆਦਮੀ ਹਨ ਉਹ ਕਦੀ ਵੀ ਫੁਲਤ ਨਹੀਂ ਹੁੰਦੇ ਹਨ।੬।

**ਟੇਰਤ॥ ਸਤਿਗੁਰ ਮਇਆ ਕਰਿ ਨੇਹਿ ਨੀਦ ਸੋਵੰਤ।**

Sri Satguru Jagjit Singh Ji Elibrary Namdhari Elibrary@gmail.com

**ਜਗਯੋ ਗਿਆਨ ਲੋਚਨ ਖੁਲੇ ਸੁਪਨੋ ਭਰਮ ਬਿਸਰੰਤ ।੭।**

ਆਖਦੇ ਹਨ ਗੁਰੂ ਜੀ ਦਇਆ ਕਰਕੇ ਜਦ ਜੀਵ ਮੋਹ ਰੂਪੀ ਨਿੰਦਰਾ ਵਿਚ ਸੈਨ ਕਰ ਜਾਂਦਾ ਹੈ ਜਦ ਮੈਂ ਨਿੰਦਰਾ ਅਗਿਆਨ ਰੂਪੀ ਵਿਚ ਸੈਣ ਕਰ ਗਿਆ ਹਾਂ ਤਾਂ ਸਤਿਗੁਰਾਂ ਨੇ ਮੈਨੂੰ ਗਿਆਨ ਰੂਪਾ ਉਪਦੇਸ਼ ਦਿਤਾ ਉਸੀ ਵਕਤ ਮੈ ਜਾਗ ਪਿਆ ਅਤੇ ਧਿਆਨ ਹੋ ਗਿਆ ਤੇ ਵਿਰਾਗ ਨੇਤਰ ਖੁਲ ਗਏ ਅਤੇ ਸੁਪਣਾ ਵਤ ਜਿਹੜਾ ਅੰਧੇਰਾ ਸੀ ਸੋ ਦੂਰ ਹੋ ਗਿਆ ।੭।

**ਗੁਰ ਬਿਨ ਭ੍ਰਮ ਲਗ ਭੂਸਯੋ ਭੇਦ ਲਹੈ ਬਿਨ ਸਵਾਨ ॥ ਕੇਹਰ ਬਪੁ ਛਾਈ ਨਿਰਖ ਪਰਯੋ ਅਗਿਆਨ।੮।**

ਜੈਸੇ ਗੁਰਾਂ ਦੇ ਬਿਨਾ ਭਰਮਦੇ ਵਿਚ ਭਟਕਦੇ ਫਿਰੇ ਜੈਸੇ ਗੁਰਾਂ ਦੇ ਗਿਆਨ ਤੋਂ ਬਿਨਾਂ ਕੁਤਾ ਭੁਸਯੋ ਭੌਂਕਦਾ ਹੈ ਅਤੇ ਭੇਦ ਨਹੀਂ ਜਾਣਦਾ ਤਦ ਹੀ ਭੌਂਕਦਾ ਹੈ ਅਤੇ ਆਖਦਾ ਹੈ ਇਹ ਜੋ ਕੁਤਾ ਹੈ ਸ਼ੀਸ਼ ਮਹਲ ਵਿਚ ਦੂਸਰਾ ਇਹ ਮੇਰੇ ਹਿਸੇ ਦੀ ਰੋਟੀ ਲੈ ਜਾਵੇਗਾ ਜਿਸ ਤਰਾਂ ਸ਼ੇਰ ਆਪਣੇ ਸਰੀਰ ਦਾ ਪ੍ਰਤਿ ਬਿੰਬ ਖੂਹ ਵਿਚ ਦੇਖਕੇ ਜਾ ਪਿਆ ਕਿ ਮੇਰੇ ਵਰਗਾ ਕੋਈ ਹੋਰ ਸ਼ੇਰ ਵੀ ਜੰਮ ਪਿਆ ਹੈ ਇਹ ਅਗਿਆਨੀਆਂ ਦੇ ਕੰਮ ਹਨ ਵਾ ਇਹ ਕੁਤੇ ਦਾ ਅਤੇ ਸ਼ੇਰ ਦਾ ਅਗਿਆਨਪਨਾ ਹੈ ।੮।

**ਪ੍ਰਗਟ ਅਵਨਿ ਕਰਣਾ ਅਰਨ ਵਰਤ ਗਿਆਨ ਵਿਗਿਆਨ। ਬਚਨ ਲਹਰ ਤਨ ਪਰਸਤੇ ਅਗ ਯਹੁ ਹੋਤ ਸੁਜਾਨ ।੯।**

ਪ੍ਰਗਟ ਹੀ ਧਰਤੀ ਉਤੇ ਸਮੁੰਦਰ ਵਤ ਗੁਰੂ ਜੀ ਹਨ ਅਤੇ ਵਰਤ ਰਹੇ ਹਨ ਜਗਿਆ ਸੂਆਂ ਨੂੰ ਗਿਆਨ ਉਹਨਾਂ ਦੇ ਜਿਹੜੀ ਸੂਚਨਾ ਰੂਪੀ ਲੈਹਰ ਹੈ ਓਸਦੇ ਪਰਸਦਿਆਂ ਹੀ ਜੋ ਅਗਹ ਅਗਿਆਨੀ (ਮੂਰਖ) ਆਦਮੀ ਹਨ ਸੋ ਬੜੇ ਚਤਰ ਹੁੰਦੇ ਹਨ ।੯।

**ਸੂਰ ਦਰਸ ਆਦਰਸ ਜਿਉਂ ਹੋਤ ਅਗਨ ਉਦੋਤ। ਤੈਸੇ ਸੁਚ ਪ੍ਰਸਾਦਿ ਤੇ ਅਨਭਵ ਨਿਰਮਲ ਹੋਤਿ ।੧੦।**

ਜੈਸੇ ਸੂਰਜ ਨੂੰ ਦੇਖਕੇ ਆਤਸ਼ੀ ਸੀਸ਼ਾ ਅਗਨੀ ਪਰਗਟ ਕਰ ਦੇਂਦਾ ਹੈ ਭਾਵ ਜਦ ਸੂਰਜ ਆਤਸ਼ੀ ਸ਼ੀਸ਼ੇ ਦੇ ਸਾਹਮਣੇ ਆਂਵਦਾ ਹੈ ਤਾਂ ਅਗਨੀ ਵਿਚੋਂ ਚਮਕ ਉਠਦੀ ਹੈ ਤੈਸੇ ਹੀ ਗੁਰਾਂ ਦੀ ਕ੍ਰਿਪਾ ਨਾਲ ਜੋ ਜਗਯਾਸੂ ਅਨਭਵ ਹੈ ਸੋ ਸੁਧ ਹੋ ਜਾਦਾ ਹੈ।੧੦।

**ਜਿਮ ਚੰਦਹਿ ਲਹਿ ਚੰਦਮਣਿ ਅਮੀ ਦ੍ਰਵਤ ਤਿਹ ਕਾਲ ॥ ਗੁਰਮੁਖ ਨਿਰਖਤ ਸਿਖ ਕੋ ਅਨ ਭਵ ਹੋਤ ਬਿਲਾਸ ।੧੧।**

ਜੈਸੇ ਚੰਦਰਮਾਂ ਨੂੰ ਦੇਖ ਕਰਕੇ ਚੰਦਰਮਨੀ ਅਮ੍ਰਿਤ ਨੂੰ ਦੇਨ ਲਗ ਪੈਂਦੀ ਹੈ ਭਾਵ ਜਦ ਚੰਦਰਮਾਂ ਦੇ ਸਾਮਨੇ ਚੰਦ੍ਰਮਨੀ ਹੁੰਦੀ ਹੈ ਤਾਂ ਉਸ ਵਿਚੋਂ ਨਿਕਲ ਪੈਂਦਾ ਹੈ ਉਸੀ ਵੇਲੇ ਹੀ ਤੈਸੇ ਹੀ ਗੁਰਾਂ ਦਾ ਮੁਖ ਚੰਦਰਮਾਂ ਵਤ ਦੇਖਦਿਆਂ ਹੀ ਸਿਖ ਦੇ ਰਿਦੇ ਵਿਚ ਅਨਭਵ ਪ੍ਰਗਟ ਹੋ ਜਾਂਦਾ ਹੈ ਪਰ ਬਹੁਤ ਹੀ ਅਨਭਵ ਪ੍ਰਗਟ ਹੋ ਜਾਂਦਾ ਹੈ ਪਰ ਬਹੁਤ ਹੀ ਅਨਭਵ ਹੁੰਦਾ ਹੈ ਅਗੇ ਹੁਨ ਸਿਖ ਬਚਨ ਆਖਦਾ ਹੈ ।੧੧।

**ਸਿਖਯੋ ਵਾਚ । ਹੇ ਸਰਨਾਗਤਿ ਰਾਵਰੇ ਸ੍ਰੀ ਗੁਰੂ ਦੀਨ ਦਿਆਲ । ਕ੍ਰਿਪਾ ਸਿੰਧੁ ਬੰਦੋਂ ਚਰਣ ਹਰੇ ਕਠਿਨ ਉਰਸਾਲ ।੧੨।**

ਮੈਂ ਆਪਦੀ ਸਰਨ ਆਇਆ ਹਾਂ ਹੇ ਸ੍ਰੀ ਗੁਰੂ ਜੀ ਆਪ ਕੈਸੇ ਹੋ ਕਿ ਦੀਨਾ ਪਰ ਕ੍ਰਿਪਾ ਕਰਨ ਵਾਲੇ ਹੋ ਅਤੇ ਆਪ ਕ੍ਰਿਪਾ ਦੇ ਸਮੁੰਦਰ ਹੋ ਇਸ ਵਾਸਤੇ ਮੈਂ ਆਪਦੇ ਚਰਨ ਕਮਲ ਪਰ ਨਮਸ਼ਕਾਰ ਕਰਦਾ ਹੋਂ ਦੂਰ ਕਰੋ ਮੇਰੇ ਰਿਦੇ ਦਾ ਕਰੜਾ ਸਲ ਜਨਮ ਮਰਨ ਰੂਪੀ ਹੈ ।੧੨।

**ਹੌ ਅਨਾਥ ਅਤਿਸੈ ਦੂਖੀ ਜਰਯੋ ਦੇਖ ਸੰਸਾਰ ॥ ਡੂਬਤਹੋਂ ਭਵ ਸਿੰਧੁ ਮੈ ਮੋਹਿ ਕਰੋ ਪ੍ਰਭ ਪਾਰੁ ।੧੩।**

ਕਵੀ ਜੀ ਕਹਿੰਦੇ ਹਨ ਕਿ ਮੈਂ ਅਨਾਥ ਹੋਂ ਅਤੇ ਬੜਾ ਦੁਖੀ ਹੋਂ ਸੰਸਾਰ ਨੂੰ ਵੇਖਕੇ ਡਰ ਗਿਆ ਹਾਂ ਕਿ ਜਿਸ ਤਰਾਂ ਸੰਸਾਰ ਡੁਬਦਾ ਹੈ ਇਸ ਤਰਾਂ ਮੈਂ ਸੰਸਾਰ ਸਮੁੰਦਰ ਵਿਚ ਡੁਬਦਾ ਜਾਂਦਾ ਹਾਂ ਹੇ ਪ੍ਰਭੂ ਜੀ ਮੈਨੂੰ ਆਪ ਕ੍ਰਿਪਾ ਕਰਕੇ ਇਸਤੇ ਪਾਰ ਕਰੋ ਜੀ ।੧੩।

**ਆਸਾ ਤ੍ਰਿਸ਼ਨਾ ਚਿੰਤ ਬਹੁ ਏ ਡਾਇਨ ਘਰ ਮਾਹਿ। ਜੀਵਣ ਕਿਹ ਬਿਧਿ ਹੋਇ ਮਮ ਹ੍ਰਿਦੈ ਸਿੰਮ੍ਰਿਤ ਕੋ ਖਾਹਿ।੧੪**

ਆਸਾ ਤ੍ਰਿਸ਼ਨਾ ਰੂਪੀ ਜੋ ਚਿੰਤਾ ਹੈਨ ਅਤੇ ਏਹ ਡਾਈਨ ਮੇਰੇ ਘਰ ਰਿਦੇ ਵਿਚ ਹਨ ਮੈਨੂੰ ਬੜਾ ਦੁਖ ਦੇਂਦੀਆਂ ਹਨ ਜੀਵਨਾ ਮੇਰਾ ਕਿਸ ਤਰਾਂ ਹੋਵੇ ਹਿਰਦੇ ਹਿਰਦੇ ਵਿਚ ਜੋ ਪਰਮਾਤਮਾਂ ਦਾ ਨਾਮ ਬਨ ਯਾਦ ਆਂਵਦਾ ਜਿਸ ਨੂੰ ਖ਼ਾਈ ਜਾਂਦੀਆਂ ਹਨ । ੧੪।

Sri Satguru Jagjit Singh Ji Elibrary NamdhariElibrary@gmail.com

**ਕਬਹੂੰ ਸੁਮਤਿ ਪ੍ਰਕਾਸ ਚਿਤ ਕਬਹੂੰ ਕੁਮਤਿ ਆਧੀਨ।**
**ਬਿਬਨਾਰੀ ਕੌਕੰਤ ਜਿਉਂ ਰਹਿਤ ਸਦਾ ਅਤਿਦੀਨ ।੧੫।**

ਕਦੀ ਤਾਂ ਬੜੀ ਅਤੀ ਅਕਲ ਆਪ ਹੀ ਰਿਦੇ ਵਿਚ ਆ ਜਾਂਦੀ ਹੈ ਤੇ ਕਦੀ ਚਿਤ ਆਪੇ ਹੀ ਖੋਟੀ ਅਕਲ ਮਤ ਦੇ ਵਸੀਕਾਰ ਹੋ ਜਾਂਦਾ ਹੈ ਦੋ ਇਸਤਰੀਆਂ ਦੇ ਪਤੀ ਦੀ ਨਯਾਈ ਇਹ ਮਨ ਦੁਖੀ ਰਹਿੰਦਾ ਹੈ ਅਤੇ ਲੋਕਾਂ ਦੇ ਅਗੇ ਜਾ ਕਰਕੇ ਮੰਗਦਾ ਫਿਰਦਾ ।੧੫।

**ਨਦੀ ਆਸਾ ਸੁਭ ਅਸੁਭ ਤਟ ਭਰੀ ਮਨੋਰਥ ਨੀਰ॥**
**ਤ੍ਰਿਸ਼ਨਾ ਅਮਿਤ ਤਰੰਗ ਜਿਹ ਭਵਰ ਭਰਮ ਗੰਭੀਰ ।੧੬।**

ਆਸ਼ਾ ਰੂਪੀ ਨਦੀ ਅਤੇ ਸੁਭ ਅਤੇ ਅਸੁਭ ਕਿਰਿਆ ਹੈ ਇਸਦੇ ਕਿਨਾਰੇ ਉਤੇ ਅਸੀ ਖੜੇ ਹਾਂ ਅਤੇ ਮਨੋਰਥਾਂ ਦੇ ਜਲ ਨਾਲ ਭਰੀ ਹੋਈ ਹੈ ਭਾਵ ਜੋ ਮਨ ਤੇ ਉਤਪਤ ਹੋਵਨ ਵਸਤੂ ਕਾ ਸੋ ਮਨੋਰਥ ਅਤੇ ਤ੍ਰਿਸ਼ਨਾ ਰੂਪ ਜਿਸ ਨਦੀ ਵਿਚ ਤਰੰਗ ਲਹਿਰਾਂ ਹਨ ਕੋਈ ਅੰਤ ਨਹੀਂ ਆਂਵਦਾ ਕਿ ਕਿਧਰ ਨੂੰ ਜਾਨਾ ਆਂਵਨਾ ਹੈ ਅਤੇ ਭ੍ਰਮ ਰੂਪੀ ਭਵਰ ਹੀ ਜੀਵ ਭੋਰਾ ਹੈ ਮੈਂ ਭਰਮ ਦਾ ਭਰਮਾਇਆ ਹੋਇਆ ਭਰਮ ਰਿਹਾ ਹਾਂ ਅਤੇ ਸਮੁੰਦਰ ਦੀ ਨਯਾਈ ਨਦੀ ਬੜੀ ਡੂੰਘੀ ਹੈ ।੧੬।

**ਰਾਗਾਦਿਕਜਲ ਜੰਤ ਬਹੁ ਚਿੰਤਾ ਪ੍ਰਬਲ ਪ੍ਰਵਾਹ ॥**
**ਧ੍ਰਿਤਤਰ ਹਰਣੀ ਤਰਣ ਤਿਹ ਬੇਦਤ ਮੋਮਨਆਹ ।੧੭।**

ਰਾਗ ਦਵੇਖ ਆਦਕ ਜਿਸ ਨਦੀ ਵਿਚ ਜਲ ਦੇ ਰਹਨ ਵਾਲੇ ਜੀਵ ਹਨ ਬਹੁਤ ਸਾਰੇ ਚਿੰਤਾ ਰੂਪੀ ਬੜਾ ਬਲੀ ਵਰਨਕ ਹੋ ਰਿਹਾ ਹੈ ਧੀਰਜ ਰੂਪੀ ਜੋ ਬ੍ਰਿਛ ਹੈ ਉਸਦੇ ਨਾਸ ਕਰਨ ਵਾਲੀ ਹੈ ਤਰਨ ਅਤਸੇ ਕਰਕੇ ਵਾਲੀ ਹੋ ਸੋਨੇ ਦੀ ਮੇਰੇ ਮਨ ਨੂੰ ਬੜੀ ਵਿਨ ਰਹੀ ਹੈ ਅਸਸੋਸ ਹੈ ਕਿਸਨੂੰ ਕਹਾਂ ਜਾ ਕਰਕੇ ਗੁਰਾਂ ਤੇ ਬਿਨਾਂ ਕੋਨ ਪਾਰ ਕਰੇ ।੧੭।

**ਪ੍ਰਬਲ ਜੁਗਲ ਸੁਭ ਅਸੁਭ ਗਜਭਿਰਤ ਸੁਰੋਜ ਬਢਾਇ। ਅਪਨੀ ਭੂਲ ਅਨਾਥ ਹੋਂ ਪਰਿਓ ਮਧਿ ਤਿਹ ਆਇ ।੧੮।**

ਬੜੇ ਬਲਵਾਨ ਦੋ ਹਾਥੀ ਮਾੜ ਚੰਗੀ ਆਪੋ ਵਿਚ ਦੀ ਲੜ ਰਹੇ ਹਨ ਗੁਸਾ ਵਧਾ ਕਰਕੇ ਅਫਸੋਸ ਮੈਂ ਆਪਨੀ ਭਾਲ ਕਿਸਨੂੰ ਦਸਾਂ ਕਿ ਮੈਂ ਫਿਰਦਾ ੨

Sri Satguru Jagjit Singh Ji Elibrary NamdhariElibrary@gmail.com

ਵਿਚ ਆ ਪਿਆ ਤਿਨਾਂ ਦੇ ਕਵੀ ਜੀ ਆਖਦੇ ਹਨ।੧੮।

**ਕਬਹੂੰ ਨ ਮਨ ਥਿਰਤਾ ਗਹੀ ਸਮਝਾਯੋ ਸੈ ਪੋਤ॥**
**ਜੈਸ ਮਰਕਟ ਬਿਰਛ ਪਰ ਕਬਹੂੰ ਨ ਠਾਢੋ ਹੋਤ।੧੯।**

ਕਦੀ ਵੀ ਮਨ ਨੇ ਇਸਤਤੀ ਨਹੀਂ ਪਕੜੀ ਹੈ ਸਮਝਾਯਾ ਹੈ ਸੈਂਕੜੇ ਪੋਤ ਵਾਰ ਜੈਸੇ ਬਾਂਦਰ ਬ੍ਰਿਛ ਉਤੇ ਕਦੀ ਇਸਤਤ ਨਹੀਂ ਹੋ ਸਕਦਾ।੧੯।

**ਚਲ ਚਲ ਪਤ ਪਤ ਕਪਟ ਦਾਮਨ ਕਛਕ ਮਾਥ॥**
**ਭੂਤ ਦੀਪ ਦੀਪਕ ਸਿਖਯੋਂ ਮਨ ਬਰਤ ਅਨਾਥ।੨੦।**

ਪਿਪਲ ਦਾ ਪਤ੍ਰ ਝੰਡੀ ਦਾ ਬਸਤਰ ਅਤੇ ਬਿਜਲੀ ਕਛੂ ਦਾ ਮਥਾ ਅਤੇ ਭੂਤਨਾਂ ਦੀਵਾ ਤੇ ਦੀਵੇ ਦੀ ਲਾਟ ਇਸ ਪਰਕਾਰ ਮਨ ਦੀ ਬਿਰਤ ਹੈ ਕਵੀ ਜੀ ਆਖਦੇ ਹਨ ਕਿਅ ਮਨ ਕਦੀ ਵੀ ਇਸਤਤ ਨਹੀਂ ਹੁੰਦਾ ਹੈ।੨੦।

**ਸਹਜ ਸਵਭਾਵ ਅਕਾਸ ਕੋ ਪਾਰਕ ਝਰ ਚਲੰਤ।**
**ਚੰਚਲ ਸੁਤੇ ਅਨਾਦ ਕੋ ਮਨ ਰਤ ਬਿਖੇ ਕਹੰਤ।੨੧।**

ਸਹਜ ਸੁਭਾਵ ਹੀ ਅਕਾਸ ਨੂੰ ਅਗਨੀ ਦੀ ਲਾਟ ਚਲਦੀ ਹੈ ਭਾਵ ਜਦ ਅਗਨੀ ਬਲਦੀ ਹੈ ਤਾਂ ਅਕਾਸ ਨੂੰ ਲਾਟ ਜਾਂਵਦੀ ਹੈ ਇਸ ਤਰਾਂ ਏਹ ਜੋ ਮਨ ਚੰਚਲ ਹੈ ਮਾਨਾ ਦੀ ਕਾਲ ਦਾ ਏਹ ਵਿਸ਼ਯਾਂ ਵਿਚ ਪ੍ਰੀਤੀ ਕਰਦਾ ਹੈ।੨੧।

**ਜਗ ਸਾਚੋਂ ਮਿਰਥਾ ਕਿਧੌਂ ਗਹਿਓ ਤਜਯ ਨਹੀ ਜਾਤ। ਗਹੀ ਚਚੂੰਦਰ ਸਰਪ ਜਿਉ ਉਗਲਤ ਬਨਤ ਨ ਖਾਤ।੨੨।**

ਇਹ ਜਗਤ ਸਚਾ ਹੈ ਕਿ ਝੂਠਾ ਹੈ ਨਾ ਤੇ ਇਸਨੂੰ ਤਜਿਆ ਜਾਂਦਾ ਕਿ ਛਡ ਕਰਕੇ ਜੰਗਲ ਨੂੰ ਚਲੇ ਜਾਈਏ ਇਹ ਵੀ ਨਹੀਂ ਹੋ ਸਕਦਾ ਹੈ ਅਤੇ ਪਕੜਿਆਂ ਵੀ ਨਹੀਂ ਜਾਂਦਾ ਹੈ ਕਿ ਇਸ਼ਦੇ ਵਿਚ ਲੀਨ ਹੀ ਹੋ ਜਾਈਏ ਬਹੁਤ ਅਫਸੋਸ ਕੁਛ ਬਾਤ ਨਹੀਂ ਕਹੀ ਜਾਂਦੀ ਹੈ ਜਿਜ ਤਰਾਂ ਚਚੂੰਦਰ ਸਰਪ ਦੇ ਮੁਖ ਵਿਚ ਪਕੜ ਲਈ ਹੋਵੇ ਜੇਕਰ ਉਸ ਨੂੰ ਛਡਦਾ ਹੈ ਤਾਂ ਓਹ ਚਚੂੰਦਰ ਅਖੀਆਂ ਕਡਕੇ ਅੰਨਾ ਕਰ ਦੇਂਦੀ ਹੈ ਅਤੇ ਜੇ ਕਰ ਨਿਕਲਦਾ ਹੈ ਤਾਂ ਕੁਸ਼ਟ ਹੋ ਜਾਂਦਾ ਹੈ ਅਤਸੇ ਕਰਕੇ ਅਫਸੋਸ ਹੈ ਕਿ ਨਾਂ ਖਾਈ ਜਾਂਦੀ ਅਤੇ ਨਾ ਛੋਡੀ ਜਾਂਦੀ ਹੈ।੨੨।

**ਸਮ ਧਾਨ ਗੁਰ ਕਹਿਤ ਹੈ ਦਯਾ ਜੁਗਤਿ ਕਿਹ ਬੋਲ**

Sri Satguru Jagjit Singh Ji Elibrary NamdhariElibrary@gmail.com

**ਮਮ ਬਚਨਣ ਮੈ ਆਨ ਤੂੰ ਆਪਤ ਬਾਕ ਅਡੋਲ ।੨੩।**

ਸਮਾਧਾਨ–ਗੁਰੂ ਜੀ ਦਾ ਕਹਿੰਦੇ ਹਨ ਭਾਵ ਕਿਆ ਕਿ ਸਿਖ ਦੇ ਪ੍ਰਸ਼ਨਾਂ ਦਾ ਉਤਰ ਦੇ ਕਰਕੇ ਆਖਦੇ ਹਨ ਦਇਆ ਦੇ ਸੰਜੁਗਤ ਬਚਨ ਕਰਦੇ ਹਨ ਕਿ ਹੇ ਸਿਖ ਮੇਰੇ ਬਚਨ ਵਿਚ ਤੂ ਭਰੋਸਾ ਕਰ ਆਪਤ ਵਾਕ ਦੇਣ ਦੈਵਾਨ ਜੇ ਕਿਸੇ ਝਗੜੇ ਵਾਲੇ ਪਾਸੇ ਖੰਡਨ ਨਾ ਹੋ ਸਕਣ ਇਸ ਵਾਸਤੇ ਅਡੋਲ ਹਨ ।੨੩।

**ਨਹਿ ਸੰਸੈ ਮਨ ਹੈ ਚਪਲ ਦ੍ਰਮ ਕਰ ਗਤਿ ਅਧਿ ਆਹਿ ॥ ਗੁਹ ਸਰੁਤਿ ਸੁਧ ਅਭਿਆਸ ਕਰ ਨਿਹਚਲ ਕੀਜਹੁ ਤਾਹਿ ।੨੪।**

ਹੇ ਸਿਖ ਤੂੰ ਜੋ ਆਖਿਆ ਹੈ ਮਨ ਬਹੁਤ ਚੰਚਲ ਹੈ ਅਤੇ ਕਵਨ ਜਿਸਦੀ ਗਤ ਪਰਵਿਰਤੀ ਹੈ ਅਤਿਸੈ ਕਰਕੇ ਗੁਰੂ ਵਿਚ ਵੇਦ ਵੇਦਾਂ ਕਾ ਨਾਲ ਅਭਿਆਸ ਕਰਵਾ ਦੇ ਉਪਦੇਸ ਲੈ ਕਰਕੇ ਇਸ ਮਨ ਚੰਚਲ ਨੂੰ ਗ੍ਰਹਨ ਕਰ ਕਿਉਂਕਿ ਇਸ਼ਦੇ ਗ੍ਰਹਨ ਕਰਨ ਨਾਲ ਤੈਨੂੰ ਸਭ ਕੁਛ ਪਰਾਪਤ ਹੋ ਜਾਵੇਗਾ ।੨੪।

## ਸਿਖ ਬਚਨ

**ਹੌ ਬਿਖਈ ਅਤਿ ਅਜਿਤ ਮਣ ਨਹਿਨ ਹੋਤ ਅਭਿਆਸ । ਤਾਂਤੇ ਪ੍ਰਭ ਤੁਮ ਪਦ ਸਰਣ ਰਰਹੁ ਕਠਨ ਜਗ ਤ੍ਰਾਸ ।੨੫।**

ਫਿਰ ਸਿਖ ਆਖਦਾ ਹੈ ਹੇ ਸਤਿਗੁਰੋ ਮੈਂ ਅਤਿਸੇ ਕਰਕੇ ਵਿਸ਼ਈ ਹਾਂ ਅਤੇ ਚਮਨ ਵੀ ਨਹੀਂ ਮੈਂ ਜਿਤ ਸਕਦਾ ਹਾਂ ਅਤੇ ਫਿਰ ਮੇਰੇ ਪਾਸੋਂ ਕੋਈ ਅਭਿਆਸ ਵੀ ਨਹੀਂ ਹੋ ਸਕਦਾ ਹੈ ਇਸ ਵਾਸਤੇ ਹੇ ਪ੍ਰਭੂ ਮੈਂ ਆਪਦੇ ਚਰਨ ਕਮਲਾਂ ਦੀ ਸ਼ਰਨ ਆਇਆ ਹਾਂ ਮੇਰੀ ਕਰੜੀ ਜਗਤ ਦੀ ਫਾਸੀ ਨਾਸ ਕਰੋ ਕਿਉਂਕਿ ਮੈਨੂੰ ਇਸਦਾ ਬਹੁਤ ਦੁਖ ਹੈ ॥੨੫॥

## ਸ੍ਰੀ ਗੁਰੋ ਵਾਚ ।

**ਸੁਨ ਸਿਖ ਉਤਮ ਸਿਖ ਕਹੂੰ ਜੋ ਚਾਹਤ ਨਿਜ ਸਰੇਜ । ਜਗ ਬੰਦਨ ਇਛਤ ਮੁਚਜੋ ਤੋ ਸਤਸੰਗ ਕਰੇਯ ।੨੬।**

ਫਿਰ ਸ੍ਰੀ ਗੁਰੂ ਜੀ ਆਖਨ ਲਗੇ ਹਨ ਹੇ ਸਿਖ ਤੂੰ ਸੁਣ ਅਸੀਂ ਤੈਨੂੰ ਉਤਮ ਸਿਖਿਆ ਆਖਦੇ ਹਾਂ ਵਾ ਉਤਮ ਸਿਖ ਤੂੰ ਹੈ ਇਸ ਵਾਸਤੇ ਤੈਨੂੰ ਅਸੀਂ ਉਤਮ ਸਿਖਿਆ ਆਖਦੇ ਹਾਂ ਜੇਕਰ ਤੂੰ ਆਪਣੀ ਕਲਿਆਨ ਚਾਹੁੰਦਾ ਹੈ ਤਾਂ ਸੁਨ ਅਤੇ ਇਹ ਜੋ ਜਗਤ ਹੈ ਸੋ ਬੰਦਨ ਸਰੂਪ ਹੈ ਅਤੇ ਇਹ ਜੋ ਮਾੜੀਆਂ ਇਛਿਆਂ ਹਨ ਇਹਨਾਂ ਨੂੰ ਦੂਰ ਕਰ ਅੰਤੇ ਫੇਰ ਕਿਹਾ ਕਰ ਕਿ ਸੰਤਾਂ ਦਾ ਸਤਸੰਗ ਕਰ ਇਹ ਐਸਾ ਤੇਰੇ ਭਲੇ ਦਾ ਕਾਰਨ ਦਸਿਆ ॥੨੬॥

### ਸੋਰਠਾ।

**ਸ੍ਰੀ ਗੁਰੂ ਪਰਮ ਦਯਾਲੂ ਅਰਜਣ ਸਰਣ ਉਧਾਰ ਹੈ। ਅਤਿ ਜਣ ਅਨਾਥ ਉਸ ਸਾਲ ਕ੍ਰਿਪਾ ਕਰਤ ਚਾਹਤ ਹਰਯੋ ।੨੭।**

ਸ੍ਰੀ ਗੁਰੂ ਜੀ ਪਰਮ ਬਹੁਤ ਹੀ ਅਛੇ ਦਯਾ ਦਾ ਘਰ ਹਨ ਅਤੇ ਜੋ ਨਿਆਸਰੇ ਹਨ ਓਹਨਾਂ ਨੂੰ ਆਸਰਾ ਦੇਨ ਵਾਲੇ ਹਨ ਵਾ ਜਿਨਾਂ ਨੂੰ ਕੋਈ ਨਾ ਸਰਨ ਆਵਨ ਦੇਵੇ ਉਹਨਾਂ ਨੂੰ ਗੁਰੂ ਜੀ ਸਰਨ ਪਾਕਰ ਤਾਰਦੇ ਹਨ ਇਸੀ ਤਰ੍ਹਾਂ ਜੋ ਜਨ ਦਾਸ ਕਵੀ ਅਨਾਥ ਦਾਸ ਜੀ ਅਨਾਥ ਹੈਂ ਕਿਸੇ ਦੇ ਰਿਦੇ ਦਾ ਦੁਖ ਜੋ ਜਨਮ ਮਰਨ ਦਾ ਹੈ ਸੋ ਬੜਾ ਭਾਰੀ ਸਲ ਹੈ ਇਸਨੂੰ ਕ੍ਰਿਪਾ ਕਰਕੇ ਦੂਰ ਕਰੋ ਮੈਂ ਆਪ ਪਾਸੋਂ ਇਹ ਮੰਗਦਾ ਹਾਂ।

ਦੋਹਰਾ॥

ਪ੍ਰਿਥਮ ਤਰੰਗ ਸਮਾਪਤੀ ਮਧਿਮ ਹਰਿ ਕਵਿ ਚੰਦ ॥
ਦੂਸਰ ਕਰੋ ਜੀ ਟੀਕਾ ਅਥ ਸਭ ਕਵਿ ਜਨ ਦੋ ਬੰਦ ॥ ੨੭ ॥

**ਇਤਿ ਸ੍ਰੀ ਵਿਚਾਰ ਮਾਲਾ ਸਿਖ ਅਸਿਖ ਪ੍ਰਥਮੀ ਬਿਸ੍ਰਾਮ ।੧।**

ਇਤਿ ਸ੍ਰੀ ਵਿਚਾਰਮਾਲਾ ਸਟੀਕ ਦੀਆਂ ਸ਼ੰਕਾਂ ਵਰਨਨੇ ਤੇ ਗੁਰਾਂ ਦੇ ਉਤਰ ਦੇਵਣੇ ਵਰਨਨੇ ਪਹਿਲਾ ਅਧਯਾਇ ਸੁਭ ਮਸਤ ਸੁਭ ਸਮਾਪਤੰ।

### ਦੂਜਾ ਅਧਿਆਇ ਵਰਨਨੰ।

**ਸਿਖ ਬਚਨ। ਕਹੋ ਕ੍ਰਿਪਾ ਕਰਿ ਸਾਧ ਕੇ ਲਛਨ ਸ੍ਰੀ ਗੁਰੂ ਦੇਵ। ਜਾਹਿ ਨਿਰਖ ਹਿਤ ਅਪਨੇ ਕਰ ਭਲੀ ਬਿਧ ਸੇਵ ।੧।**

Sri Satguru Jagjit Singh Ji Elibrary NamdhariElibrary@gmail.com

ਸਿਖ ਆਖਦਾ ਹੈ ਗੁਰੂ ਜੀ ਨੂੰ ਕਿ ਹੇ ਸਤਿਗੁਰੋ ਮਨੂੰ ਆਪ ਕਿਰਪਾ ਕਰਕੇ ਸਾਧ ਬਰਹਮ ਸਜੋਸਰੀ ਅਤੇ ਬ੍ਰਹਮ ਨੇਸਟੀ ਦੇ ਲਛਨ ਦਸੇ ਹੇ ਸ੍ਰੀ ਸੁਭਾਵ ਮਾਨ ਮੇਰੇ ਸਤਿਗੁਰੋ ਜੀ ਇਹ ਸ਼ੰਕਾ ਮਰੀ ਬਹੁਤ ਔਖੀ ਹੈ ਆਪ ਕਿਵੇਂ ਨਿਵਿਰਤ ਕਰੋ ਅਤੇ ਅਸਾਨੂੰ ਵੀ ਨਿਸਚਾ ਹੋ ਜਾਵੇ ਕਿ ਸੰਤਾਂ ਦੀ ਟਹਿਲ ਕਰਨ ਵਾਲੇ ਬਣੀਏ ਕਿਉਂਕਿ ਜਿੰਨਾਂ ਚਿਰ ਅਸੀਂ ਸੰਤ ਨੂੰ ਨਹੀਂ ਦੇਖ ਸਕਦੇ ਉਹਨਾਂ ਵਿਚ ਉਹਨਾਂ ਦੀ ਸੇਵਾ ਵੀ ਨਹੀਂ ਕਰਦੇ ਜਦ ਤੁਸੀਂ ਸੰਤਾਂ ਦੇ ਲਛਨ ਦਸੋਗੇ ਤਾਂ ਬੜੀ ਅਛੀ ਤਰਾਂ ਓਨਾਂ ਦੀ ਸੇਵਾ ਕਰਾਂਗੇ ॥ ੧ ॥

**ਸ੍ਰੀ ਗੁਰ ਵਾਚ ਸਾਧ ਲਛਨ ॥ ਦੋਹਰਾ**

**ਅਤਿ ਕ੍ਰਿਪਾਲੂ ਨਹਿ ਦੋਰਹਿ ਚਿਤ ਸਹਨ ਸੀਲਤਾ ਸਾਰ। ਸਮ ਦਮ ਆਦਿ ਅਕਾਮ ਮਤਿ ਮਿਰਦੂਲ ਸਰਬ ਉਪਕਾਰ ।੨।**

ਸ੍ਰੀ ਗੁਰੂ ਆਖਨ ਲਗੇ ਹੇ ਸਿਖ ਸੁਣ ਅਸੀਂ ਤੈਨੂੰ ਸੰਤਾਂ ਦੇ ਲਛਨ ਦਸਦੇ ਹਾਂ ਅਤਸੇ ਕਰਕੇ ਸੰਤ ਕ੍ਰਿਪਾਲ ਹੁੰਦੇ ਹਨ ਅਤੇ ਚਿਤ ਵਿਚ ਛਲਾ ਬੀ ਨਹੀਂ ਹੁੰਦਾ ਅਤੇ ਦੂਸਰੇ ਦਾ ਕੋੜਾ ਬਚਨ ਸਹਾਰਦੇ ਹਨ। ਅਤੇ ਸੀਤਲਤਾਈ ਦੇ ਸਾਰ ਨਿਕਲੇ ਹੋਏ ਹਨ ਵਾ ਨਾਲੋ ਸਰੇਸ਼ਟ ਹਨ ਨਾਲੇ ਸੀਤਲ ਹਨ ਸਮਦਰਸੀ ਹਨ ਭਾਵ ਸਭ ਜੀਵਾਂ ਜਗਤ ਦਿਆਂ ਨੂੰ ਇਕੋ ਜਿਹਾ ਦੇਖਦੇ ਹਨ ਅਤੇ ਦਮ ਵਿੰਦਰੀਆਂ ਨੂੰ ਦਮਨ ਰੋਕਨਾ ਕਰਦੇ ਹਨ ਕੋਮਲ ਸੁਭਾਵ ਵਾਲੇ ਹਨ ਅਤੇ ਸਾਰਿਆਂ ਉਤੇ ਉਪਕਾਰ ਕਰਦੇ ਹਨ ਕੋਈ ਜੀਵ ਹੋਵੇ ਸਭ ਤੇ ਉਪਕਾਰ ਕਰਦੇ ਹਨ॥ ੨ ॥

**ਆਤਮ ਬਿਤ ਜੁ ਅਨੀ ਹੈ ਸੁਚ ਨਿਹਕੰਚਨ ਗੰਭੀਰ। ਅਪ੍ਰਮੇਵ ਮਤਸਰ ਰਹਤ ਮੁਨਿ ਤਪ ਸਾਤਿ ਸੁਧੀਰ॥**

ਆਤਮਾ ਪਰਮਾਤਮਾ ਵਿਚ ਇਸਤਤ ਹਨ ਭਾਵ ਮਨ ਕੋ ਲਗਾਯਾ ਹੋਯਾ ਹੈ ਨਿਰਸਿਛਤ ਹਨ ਭਾਵ ਕਿਸੇ ਪਾਸੋਂ ਕੁਛ ਮੰਗਦੇ ਨਹੀਂ ਅਤੇ ਸੁਚ ਪਵਿਤਰ ਹਨ ਨਿਹਕੰਚਨ ਪਾਸ ਕੁਛ ਰਖਦੇ ਨਹੀਂ ਹਨ ਅਤੇ ਫਿਰ ਜਿਨਾਂ ਦੇ ਕੋਈ ਬਰਾਬਰ ਨਹੀਂ ਹੈ ਅਤੇ ਈਰਖਾ ਤੇ ਰਹਤ ਹਨ ਮੁਨੀ ਹਨ ਤਪੀ ਤਪਸਾ ਕਰਨ ਵਾਲੇ ਹਨ ਸ਼ਾਂਤੀ ਸਰੂਪ ਹਨ ਸਹਿਤ ਧੀਰਜ ਦੇ ਹਨ॥ ੩ ॥

**ਜਿਤ ਖਟ ਗੁਣ ਧ੍ਰਿਤ ਮਾਨ ਕਵਿ ਮਾਂਨਦ ਆਪ ਅਮਾਨ। ਸਤਿ ਪ੍ਰਤੀਤ ਅਨੀਤ ਗਤਿ ਕਰਣਾ ਸੀਲ ਨਿਧਾਨ ।੪।**

ਜਿਸਨੇ ਇਹ ਛੇ ਗੁਨ ਧਾਰਨ ਕੀਤੇ ਹੋਏ ਹਨ ਹਰਖ ਸੋਗ ਮਨ ਕਰਕੇ ਨਹੀਂ ਹੈ ਸ਼ੁਦਾ ਪਿਆਸਾ ਪਾਨਾ ਕਰਕੇ ਨਹੀਂ ਹੈ ਜਨਮ ਮਰਨ ਸਰੀਰ ਕਰਕੇ ਨਹੀਂ ਹੈ ਵਾ ਇਨਾਂ ਛਿਆਂ ਗੁਨਾਂ ਦੇ ਧਾਰਨ ਵਾਲਿਆਂ ਨੂੰ ਤਾਰਨ ਵਾਲੇ ਹਨ ਮੰਨਣੇ ਕਰੋ ਅਤੇ ਕਵੀਸ਼ਰੀ ਬਨਾਵਣ ਵਾਲੇ ਤੇ ਆਦਰ ਦੇਣ ਵਾਲੇ ਹਨ ਅਤੇ ਅਪਨਾ ਆਦਰ ਨਹੀਂ ਚਾਹੁੰਦੇ ਅਪਨਾ ਨਿਰਾਦਰ ਹੀ ਮੰਗਦੇ ਹਨ ਸਚਦੇ ਪਰਤੀਤ ਹਨ ਅਤੇ ਅਨੀਤੀ ਜਿਨਾਂ ਦੀ ਦੂਰ ਹੋ ਗਈ ਹੈ ਕ੍ਰਿਪਾ ਦੇ ਤੇ ਸੀਲ ਦੇ ਖਜਾਨਾ ਹਨ ॥ ੪ ॥

**ਉਸਸਤਿ ਨਿੰਦਾ ਮਿਤ੍ਰ ਵਿਪ੍ਰ ਸੁਖ ਦੁਖ ਊਚ ਅਰ ਨੀਚ। ਬ੍ਰਮਾਤ੍ਰਿਣ ਅਮ੍ਰਿਤ ਗਰਲ ਕੰਚਨ ਕਾਚਨ ਬੀਚ।੫।**

ਉਸਤਤਿ ਨਿੰਦਾ ਜਿਨਾਂ ਦੇ ਬਰਾਬਰ ਹੈ ਭਾਵ ਕੋਈ ਉਸਤਿਤ ਕਰੇ ਤੇ ਖੁਸ਼ ਨਹੀਂ ਹੁੰਦੇ ਅਤੇ ਨਿੰਦਿਆ ਕਰੇ ਤਾਂ ਨਰਾਜ ਨਹੀਂ ਹੁੰਦੇ ਅਤੇ ਮਿਤਰ (ਵਿਪ) ਵਰ ਸੁਖ ਦੁਖ ਊਚ ਨੀਚ ਜਿਨਾਂ ਨੂੰ ਬਰਾਬਰ ਹਨ ਮਹਿਮਾ ਘਾਸ ਅੰਮ੍ਰਿਤ ਵਿਖ ਸੋਨਾ ਕਚ ਸਭ ਬਰਾਕਰ ਹੈ ॥ ੫ ॥

**ਸਮਦਰਸੀ ਸੀਤਲ ਹਿਰਦੈ ਗਤਿ ਉਦ ਬੇਗ ਉਦਾਰ। ਸੂਛਮ ਚਿਤ ਸੁ ਮਿਤ੍ਰ ਜਗ ਚਿਦ ਬਪੁ ਨਿਰਹੰਕਾਰ।੬।**

ਬਰਾਬਰ ਸਭ ਨੂੰ ਦੇਖਦੇ ਹਨ ਸੀਤਲ ਸੁਭਾਵ ਵਾਲੇ ਹਨ ਹਿਰਦੇ ਵਿਚੋਂ ਅਤੇ ਦਾਲ ਗਤ ਦਿਨਾਂ ਦੀ ਉਦਬੇਗ ਤਾਸਲੀ ਨਹੀਂ ਹੈ ਭਾਵ ਕਾਹਲੀ ਦਾਲ ਨਾਸ ਹੋ ਗਈ ਹੈ ਅਤੇ ਉਦਾਰ ਦਲੇਰ ਹਨ ਅਤੇ ਸੂਛਮ ਚਿਤ ਹਨ ਤੇ ਜਗਤ ਜਿਨਾਂ ਦਾ ਮਿਤਰ ਪਿਆਰਾ ਹੈ। (ਚਿਦਬਿਤ) ਚੇਤਨ ਦਾ ਰੂਪ ਹਨ ਬਿਨਾਂ ਹੰਕਾਰ ਤੇ ਹਨ ॥ ੬ ॥

**ਸਰਬ ਮਿਤਰ ਨਿਹਕਲਪ ਮਨਿ ਤਿਆਗੀ ਅਤਿ ਸੰਤੋਖ। ਈਸਵਰ ਜੋ ਬਿਗਿਆਨ ਬਲ ਜਾਨਤ ਬੰਧ ਅਰ ਮੋਖ।੭।**

ਸਾਰਾ ਜਗਤ ਜਿਨਾਂ ਦਾ ਮਿਤਰ ਹੈ ਅਤੇ ਕਲਪਨਾ ਜਿਨਾਂ ਦੇ ਮਨ ਵਿਚ ਨਹੀਂ ਹੈ ਅਤੇ ਤਿਆਗੀ ਹਨ ਮਨ ਵਿਚ ਸੰਤੋਖ ਰਖਨ ਵਾਲੇ ਹਨ ਪਰਮਾਤਮਾਂ ਦਾ ਗਿਆਨ ਜਿਨਾਂ ਨੂੰ ਵਲ ਹੈ ਅਤੇ ਨਰਕ ਸੁਰਗ ਦੇ ਬੰਦਨ ਮੁਕਤੀ ਨੂੰ ਜਾਣਦੇ ਹਨ ॥ ੭ ॥

**ਤਨ ਮਤ ਗਤ ਆਨੰਦ ਮਯ ਗੁਣਾਤੀਤ ਨਿਸ ਪ੍ਰੇਹ। ਬਿਗਤ ਕਲੇਸ ਸੁਛੰਦ ਮਤ ਸੰਤਾਂ ਭੂਖਣ ਏਹ।੮।**

ਦੇਹ ਅਭਿਮਾਨ ਜਿਨਾਂ ਦਾ ਦੂਰ ਹੋ ਗਿਆ ਹੈ ਅਤੇ ਅਨੰਦ ਸਰੂਪ ਹਨ ਰਜੋ ਸਤੋ ਤਮੋ ਤੋ ਰਹਤ ਹਨ ਭਾਵ ਰਜੋ ਸਤੋ ਦੋ ਗੁਨ ਤੇ ਜਿਨਾਂ ਵਿਚ ਹੈਗੇ ਹੀ ਨਹੀਂ ਹਨ ਅਤੇ ਸਤੋ ਤੋ ਅਗੇ ਲੰਘ ਗਏ ਹਨ ਫਿਰ ਨਿਰਇੱਛਤ ਹਨ ਕਲੇਸ਼ ਜਿਨਾਂ ਦਾ ਨਾਸ ਹੋ ਗਿਆ ਹੈ ਆਪ ਫਲ ਨਹੀਂ ਕਰਦੇ ਮਤ ਕਰਕੇ ਏਹ ਸੰਤਾਂ ਦੇ ਲਛਨ ਹਨ।

**ਸੁਸੰਬੇਦ ਨਹਿ ਕਹਿ ਸਕੋਂ ਲਛਨ ਸੰਤ ਮਹੰਤ**
**ਪ੍ਰਸੰਬੇਦ ਕਹੋ ਕਛੁ ਸੰਗ ਪ੍ਰਤਾਪ ਕਰੰਤ ।੯।**

ਸੁਸੰਬੇਦ ਜੋ ਸੰਤਾਂ ਦੇ ਅੰਦਰਲੇ ਲਛਨ ਹਨ ਜੋ ਸੰਤ ਸੁਸੰਬੇਦ ਆਪ ਹੀ ਜਾਣਦੇ ਹਨ ਅਤੇ ਮੈਂ ਨਹੀਂ ਕਹਿ ਸਕਦਾ ਜੋ ਇਹ ਲਛਣ ਸੰਤਾਂ ਮਹੰਤਾਂ ਦੇ ਹਨ ਮੈਂ ਕੁਝ ਓਹ ਕਹਿੰਦਾ ਹਾਂ ਜੋ ਲੋਗ ਜਾਣਦੇ ਹਨ ਪਰ ਸੰਬੇਦ ਜੋ ਬਾਹਰਦੇ ਲੋਗ ਜਾਣਦੇ ਹਨ ਸੋ ਮੈਂ ਥੋੜੇ ਜੇਹੇ ਕਹਿ ਸਕਦਾ ਹਾਂ ।੯।।

**ਸਤਿਸੰਗਤ ਮਹਿਮਾਂ। ਸਤਸਗਤਿ ਨਿਜ ਕਲਪ**
**ਤਰੁ ਸਕਲ ਕਾਮਨਾ ਦੇਤ । ਅੰਮ੍ਰਿਤ ਰੂਪੀ ਬਚਨ ਕਹਿ**
**ਤਿਹੁੰ ਤਾਪ ਹਰਿ ਲਤ ।੧੦।**

ਜੋ ਸਤਸੰਗਤ ਹੈ ਸੋ ਆਪਣੇ ਆਪਨੂੰ ਜੀਵ ਕਲਪ ਬ੍ਰਿਛ ਸਮਝੇ ਹੈ ਭਾਵ ਜੋ ਸਤਸੰਗ ਹੈ ਸੋ ਕਲਪ ਬ੍ਰਿਛ ਹੈ ਹਰ ਇਕ ਤਰਾਂ ਦੀਆਂ ਇਛਿਆ ਪੂਰਨ ਕਰਦਾ ਹੈ ਅਤੇ ਅੰਮ੍ਰਿਤ ਰੂਪੀ ਬਚਨ ਆਖਕੇ ਤਿੰਨਾਂ ਤਾਪਾਂ ਨੂੰ ਦੂਰ ਹੀ ਕਰ ਦੇਂਦਾ ਹੈ ।।੧੦।।

**ਪਦ ਬੰਦਨ ਤਨ ਅਘ ਹਰਨ ਤੀਰਥ ਮੈਂ ਪਦ ਦੋਇ।**
**ਸੰਭਾਖਨ ਚਿਤ ਸਾਂਤਿ ਕਰ ਕ੍ਰਿਪਾ ਪਰਮ ਪਦ ਹੋਇ ।੧੧।**

ਉਹਨਾਂ ਚਰਨਾਂ ਨੂੰ ਮੈਂ ਨਮਸਕਾਰ ਕਰਦਾ ਹਾਂ ਜੋ ਸਰੀਰ ਦੇ ਪਾਪ ਦੂਰ ਕਰਦੇ ਹਨ ਅਤੇ ਤੀਰਥ ਗੰਗਾ ਆਦਿਕ ਅਰਫ ਜੋ ਹਨ ਭਾਵ ਤੀਰਥਾਂ ਨਾਲੋਂ ਵੀ ਚਰਨ ਪਵਿਤ੍ਰ ਹਨ ਵਾ ਤੀਰਥ ਸਰੂਪ ਹੀ ਹਨ ਜੋ ਸੰਤਾਂ ਦਾ ਭਲੀ ਪਰਕਾਰ ਕਥਨ ਇਹ ਚਿਤ ਨੂੰ ਸ਼ਾਂਤੀ ਕਰ ਦਿੰਦਾ ਹੈ ਪਰ ਇਹ ਕਿਰਪਾ ਪਰਮੇਸਰ ਦੀ ਕਰਕੇ ਪਰਮ ਪਦਵੀ ਪ੍ਰਾਪਤ ਹੁੰਦੀ ਹੈ।। ੧੧।।

**ਸਤਿ ਸੰਗਤਿ ਸੁਖ ਸਿੰਧੁ ਬਰ ਮੁਕਤਾ ਨਿਜ ਕੇਵਲ।**
**ਆਨਵੈ ਪਰਮ ਅਗਾਧ ਅਤਿ ਕੋ ਪੈਨੇ ਮਨ ਚਲ ।੧੨।**

ਜੋ ਸਤਸੰਗਤ ਹੈ ਸੁਖਾਂ ਦਾ ਸਮੁਦਰ ਹੈ ਤੇ ਮੋਤੀ ਹੀਰੇ ਆਦਿਕ ਕੇਵਲ ਮੁਕਤੀ ਹੈ ਆਪਣੇ ਆਪਦੇ ਵਾਸਤੇ ਹੋਰ ਐਸੇ ਸਤਸੰਗਤ ਦੇ ਪਰਮ ਹੀ ਬੇਅੰਤ ਹਨ ਕੋਹੜਾ ਪਰਵੇਸ਼ ਕਰ ਸਕਦਾ ਹੈ ਮਨ ਨੂੰ ਮਾਰ ਕਰਕੇ ।। ੧੨ ।।

**ਸਤਿ ਸੰਗਤਿ ਸੁਖੁ ਪਲਕ ਜੋ ਮੁਕਤਿ ਨ ਤਾਸ ਸਮਾਨ। ਬ੍ਰਹਮਾਦਿਕ ਇੰਦ੍ਰਾਦਿ ਭੂਵ ਨਿਪਟ ਅਲਪ ਏ ਜਾਨ ।੧੩।**

ਸਤ ਸੰਗਤ ਦਾ ਜੋ ਇਕ ਛਿਨਮਾਤ੍ਰ ਦਾ ਸੁਖ ਹੈ ਸੋ ਮੈਂ ਕੈਹ ਨਹੀਂ ਸ਼ਕਦਾ ਹਾਂ ਹਾਂ ਉਸ ਦੇ ਬਰਾਬਰ ਕੋਈ ਮੁਕਤੀ ਵੀ ਨਹੀਂ ਹੈ ਅਤੇ ਬ੍ਰਹਮਾ ਸ਼ਿਵਜੀ ਤੇ ਇੰਦਰ ਦੇਵਤੇ ਆਦਿਕ ਅਤੇ ਧਰਤੀ ਦੇ ਰਾਜੇ ਜੋ ਚਕਰ ਵਰਤੀ ਹਨ ਏਹਨਾਂ ਦਾ ਸੁਖ ਜੋ ਹੈ ਸੋ ਵੀ ਸਤਸੰਗ ਦੇ ਪਲਕ ਮਾਤਰ ਸੁਖ ਨਹੀਂ ਰਲਦਾ ਹੈ ਅਤਸੇ ਕਰਕੇ ਸਤਸੰਗਤ ਦਾ ਸੁਖ ਬਹੁਤ ਹੈ ॥ ੧੩ ॥

**ਜਗਤ ਮੋਹ ਫਾਸੀ ਅਜਰ ਕਟੈ ਨ ਆਨ ਉਪਾਇ। ਜੋ ਨਿਜ ਸਤਿ ਸੰਗਿਤ ਕਰੈ ਸਹਜ ਮੁਕਤਿ ਹੋਇ ਜਾਇ ।੧੪।**

ਇਸ ਸੰਸਾਰ ਵਿਚ ਜੋ ਮੋਹ ਰੂਪ ਫਾਹੀ ਹੈ ਅਗਰ ਸਹਾਰੀ ਨਾ ਜਾਵੇ ਇਹ ਹੋਰ ਕਿਸੇ ਯਤਨ ਨਾਲ ਕਟੀ ਨਹੀਂ ਜਾਂਦੀ ਜੋ ਆਪ ਸਤਸੰਗਤ ਕਰੇਂ ਭਾਵ ਦੋ ਵਕਤ ਸੰਤਾਂ ਦੇ ਸਤਸੰਗ ਵਿਚ ਜਾਇਆ ਕਰੇ ਉਹ ਸੁਖਾਲਾ ਹੀ ਮੁਕਤ ਹੋ ਜਾਂਦਾ ਹੈ ॥੧੪॥

**ਕਾਮ ਧੇਨ ਅਰੁ ਕਲਪ ਤਰੁ ਜੋ ਸੇਵਤ ਫਲ ਹੋਇ। ਸਤ ਸੰਗਤਿ ਖਿਨ ਏਕ ਮੇ ਪ੍ਰਾਣੀ ਪਾਵੈ ਸੋਇ ।੧੫।**

ਕਾਮਧੇਨ ਗਊ ਸਵਰਗ ਵਿਚ ਹੈ ਤੇ ਕਲਪ ਬ੍ਰਿਛ ਜੋ ਸਵਰਗ ਵਿਚ ਹੈ ਇੰਦਰ ਦੇ ਪਾਸ, ਇਹ ਸਮੁਦਰ ਵਿਚੋਂ ਨਿਕਲੇ ਹਨ ਏਨਾਂ ਦੀ ਸੇਵਾ ਕਰ ਜੋ ਫਲ ਪ੍ਰਾਪਤ ਹੁੰਦਾ ਹੈ ਸਭ ਸੰਗਤ ਦੇ ਇਕ ਛਿਨ ਮਾਤਰ ਦੇ ਕਾਰਨ ਨਾਲ ਪਾਨੀ ਜੀਵ ਵੈਸਾ ਯਾਂ ਉਸਤੋਂ ਅਛਾ ਸੁਖ ਲਈਦਾ ਹੈ ਓਹ ਕਾਮਧੇਨ ਅਤੇ ਕਲਪ ਬ੍ਰਿਛ ਕਿਆ ਹਨ ॥ ੧੫ ॥

**ਪਾਰਸ ਮੈ ਅਰ ਸੰਤ ਮੈ ਬਡੋ ਅੰਤਰੋ ਜਾਨ ॥ ਵਹਿ ਲੋਹਾ ਕੰਚਨ ਕਰੈ ਏਹ ਕਰੈ ਆਪ ਸਮਾਨ ॥੧੬॥**

ਪਾਰਸ ਵਿਚ ਅਤੇ ਸੰਤ ਵਿਚ ਬਹੁਤ ਭੇਦ ਹੈ ਭਾਵ ਕਿਆ ਪਾਰਸ ਤੇ ਸੰਤ ਆਪਸ ਵਿਚ ਰਲਦੇ ਨਹੀਂ ਹਨ ਉਹ ਜੋ ਪਾਰਸ ਹੈ ਉਸਦਾ ਕਿਆ ਕੰਮ ਹੈ ਲੋਹੇ ਨੂੰ ਸੋਨਾ ਕਰਨਾ ਇਹ ਜੋ ਸੰਤ ਹਨ ਸੋ ਆਪਣੇ ਸਮਾਨ ਹੀ ਜੀਵ ਕੋ ਕਰੇ ਹੈ ਭਾਵ ਕਿ ਜੋ ਪਾਰਸ ਹੈ ਜਿਸ ਲੋਹੇ ਨਾਲ ਛੋਹ ਜਾਵੇ ਸੋ ਸੋਨਾ ਹੋ ਜਾਂਦਾ ਹੈ ਭਾਵ ਕਿਸੇ ਧਾਤੂ ਸਿਕੇ ਆਦਿ ਨਾਲ ਲਗ ਜਾਵੇ ਸੋ ਸੁਧ ਸੋਨਾ ਬਣ ਜਾਂਦਾ ਹੈ ਅਤੇ ਸੰਤ

Sri Satguru Jagjit Singh Ji Elibrary NamdhariElibrary@gmail.com

ਐਸਾ ਸੋਨਾ ਜਗਿਆਸੂ ਨੂੰ ਕਰਦੇ ਹਨ ਜੋ ਆਪਣੇ ਸਵ ਸਰੂਪ ਦਾ ਰਸਤਾ ਦਸ ਦੇਂਦੇ ਹਨ ॥ ੧੬ ॥

**ਬਿਧਵਤ ਜਗ ਕਰਤ ਸਦਾ ਜੋ ਦਿਜ ਉਤਮ ਗੋਤ ॥**
**ਸਾਧ ਨਿਕਟ ਚਲ ਜਾਤ ਹੀ ਸੋ ਫਲੁ ਪਗ ਹੋਤ ॥੧੭ ॥**

ਰੀਤੀਆਂ ਅਛੀਆਂ ਦੇ ਸੰਜੁਗਤ ਜਗ ਕਰਦੇ ਹਨ ਬ੍ਰਹਮ ਉਤਮ ਗੋਤ ਵਾਲੇ ਹਨ ਜੈਸਾ ਜੋ ਫਲ ਹੈ ਸੰਤਾਂ ਦੇ ਪਾਸ ਜਾਂਦਿਆਂ ਹੀ ਪ੍ਰਾਪਤ ਹੁੰਦਾ ਹੈ ਤਿਉਂ ਤਿਉਂ ਤੈਸਾ ਫਲ ਹੁੰਦਾ ਹੈ ॥ ੧੭ ॥

**ਦਇਆ ਆਦਿ ਦੇ ਧਰਮ ਸਭ ਜਪੁ ਤਪੁ ਸੰਜਮ ਦਾਨ । ਜੋ ਪ੍ਰਾਪਤਿ ਇਨ ਸਭਨ ਤੇ ਸੋ ਸ਼ਤ ਸੰਗ ਪ੍ਰਮਾਨ ।੧੮।**

ਦਯਾ ਤੇ ਆਦ ਲੈਕਰ ਅੰਤ ਤਕ ਜੋ ਧਰਮ ਹਨ ਸਤ ਸੰਤੋਖ ਆਦਿਕ ਜਪ ਤਪ ਇੰਦ੍ਰੀਆਂ ਨੂੰ ਰੋਕਣਾ ਅਤੇ ਦਾਨ ਦੇਣਾ ਐਸੇ ਕਸ਼ਟਾਂ ਕਰਨ ਨਾਲ ਹੀ ਫਲ ਪਰਾਪਤ ਹੁੰਦਾ ਹੈ ਸਤਸੰਗਤ ਦੇ ਦਰਸ਼ਨ ਕਰਨ ਨਾਲ ਹੀ ਫਲ ਪਰਾਪਤ ਹੁੰਦਾ ਹੈ ਜਾਨਣਾ ਕਰੋ ॥ ੧੮ ॥

**ਤੀਰਥ ਗੰਗਾਦਿਕ ਸਬੈ ਕਰਿ ਨਿਸਚੇ ਸੇਵਜੁ ॥**
**ਸੋ ਕੇਵਲ ਸਤਸੰਗ ਮੈਂ ਪ੍ਰਾਨੀ ਫਲੁ ਲੇਵੈਜੁ ॥ ੧੯ ॥**

ਜੋਹੜਾ ਆਦਮੀ ਤੀਰਥ ਗੰਗਾ ਕਾਂਸ਼ੀ ਆਦਿਕ ਸਾਰੇ ਹੀ ਭਰੋਸਾ ਰਖਕੇ ਸੇਵਣੇ ਕਰੇ ਭਾਵ ਨਿਸਚਾ ਕਰਕੇ ਇਸ਼ਨਾਨ ਕਰੇ ਤਾਂ ਜੋ ਫਲ ਮਿਲਦਾ ਹੈ ਸੋ ਕੇਵਲ ਸਤਿਸੰਗਤ ਦੇ ਵਿਚ ਜੀਵ ਐਵੇਂ ਹੀ ਫਲ ਲਈਦਾ ਹੈ ॥ ੧੯ ॥

**ਤੀਰਥ ਗੰਗਾਦਿਕ ਸਬੈ ਕਰਿ ਨਿਸਚੇ ਸੇਵਜੁ ॥**
**ਸੋ ਕੇਵਲ ਸਤਸੰਗ ਮੈਂ ਪ੍ਰਾਨੀ ਫਲੂ ਲੇਵੈਜੁ ॥੯॥**

ਬ੍ਰਹਮਾ ਵਿਸ਼ਨੂੰ ਹਰੀ ਗਣੇਸ਼ ਦੇਵਤੇ ਆਦਿਕ ਜੋ ਸਾਰੇ ਹਨ ਤਿਨਾਂ ਨੂੰ ਸਿਮਰਨ ਕਰਨ ਕਰਕੇ ਜੋ ਫਲ ਹੁੰਦਾ ਹੈ ਸੋ ਸਤਸੰਗ ਵਿਚ ਸਹਜੇ ਹੀ ਮਿਲ ਜਾਂਦਾ ਹੈ ॥੨੦॥

**ਬ੍ਰਹਮਾਦਿਕ ਦੇਵਾ ਸਕਲ ਤਿਨ ਭਜੁ ਜੋ ਫਲ ਹੋਤ। ਸਤਿ ਸੰਗਤਿ ਮੈਂ ਸਹਿਜਿ ਹੀ ਵੇਗਹਿ ਹੋਤ ਉਡੋਤ ।੨੦।**

**ਬੇਦਾਦਿਕ ਵਿਦਿਆ ਸਭੈ ਪਾਵੈ ਪੜੈ ਜੁ ਕੋਇ।**
**ਸਤਿ ਸੰਗਤਿ ਖਿਨ ਏਕ ਮੈਂ ਹੋਇ ਸੁ ਅਨਭਵ ਲੋਇ।੨੧**

ਵੇਦ ਸ਼ਾਸਤਰ ਆਦਿਕ ਜੋ ਵਿਦਿਆ ਹਨ ਸਾਰੀਆਂ ਇਹਨਾਂ ਨੂੰ ਜੋ ਪੜਨ ਕਰਕੇ ਜੀਵ ਫਲ ਪਾਉਂਦਾ ਹੈ ਸਾਧ ਸੰਗਤ ਵਿਚ ਇਕ ਛਿਨ ਮਾਤਰ ਦੇ ਵਿਚ ਪਾ ਲਈਦਾ ਹੈ ਅਨਭਵ ਹੋ ਜਾਂਦਾ ਹੈ ਪ੍ਰਕਾਸ਼ ਗਿਆਨ ਚਾਨਣ ਨੂੰ ਕਰਦਾ ਹੈ ॥ ੨੧ ॥

**ਕਿੰ ਸੁਮੇਰੇ ਕੈਲਾਸ ਕਿੰ ਸੁਭਰਤ ਤਰੇ ਰਹੰਤ।**
**ਸਤਿ ਸੰਗਤ ਗਿਰ ਮਲਯ ਸਭ ਤਰੁ ਮਲਯ ਕਰੰਤ।੨੨।**

ਕਿਆ ਹੈ ਪਰਮੇਸ਼ਰ ਪਰਬਤ ਕਿਆ ਹੈ ਕੈਲਾਸ਼ ਪਰਬਤ ਕਿਆ ਹੈ ਅਛਾ ਜੋ ਕਲਪ ਬ੍ਰਿਛ ਹੈ ਸਭ ਨੀਚੇ ਹੋ ਜਾਂਦੇ ਹਨ ਸਾਧ ਸੰਗਤ ਜੋ ਪਹਾੜਾਂ ਨੂੰ ਸੁਗੰਧੀ ਵਾਲਾ ਹੈ ਉਹ ਸਾਰਿਆਂ ਪਹਾੜਾਂ ਨੂੰ ਸੁਗੰਧੀ ਵਾਲਾ ਕਰਦਾ ਹੈ ਬਰਾਬਰ ਕਰਦਾ ਤੇ ਫਿਰ ਜੋ ਸਤਿਸੰਗਤ ਕਲਪ ਬਰਿਛ ਹੈ ਸੋ ਸਾਰਿਆਂ ਬ੍ਰਿਛਾਂ ਨੂੰ ਸੁਗੰਧੀ ਵਾਲਾ ਕਰਦਾ ਹੈ।

**ਮੁਕਤਿ ਦੁਕਤਿ ਦੁਆਰ ਪਾਲਕ ਚਤਰ ਸਮ ਸੰਤੋਖ ਵਿਚਾਰ।ਚੌਥੇ ਸਤਿ ਸੰਗਿਤ ਧਰਮ ਮਹਾ ਪੂਜ ਨਿਰਧਾਰ।੨੩**

ਜਿਸ ਤਰ੍ਹਾਂ ਰਾਜ ਮੰਦਰ ਵਿਚ ਵਾ ਖੁਲੇ ਮਕਾਨ ਵਿਚ ਡਿਉਢੀ ਅਗੇ ਰਹਿਣ ਵਾਲੇ ਆਦਮੀ ਨੂੰ ਅੰਦਰ ਵਾੜ ਸਕਦੇ ਹਨ ਇਸੀ ਤਰਾਂ ਜੋ ਜੁਗਤੀ ਰੂਪੀ ਜੋ ਸੁੰਦਰ ਅਸਥਾਨ ਹੈ ਇਸਦੇ ਵਿਚ ਕਿਆ ਪਰਵੇਸ਼ ਕਰਾਵਨ ਵਾਲੇ ਸਮ ਸੰਤੋਖ ਆਦ ਕਾਰਨ ਜਾਣ ਲਵੋ। ਬਹੁਤ ਲੋਕ ਜਿਨਾਂ ਨੂੰ ਮੰਨਦੇ ਹਨ ਇਹ ਬਾਤ ਨਿਰਨੇ ਕੀਤੀ ਹੈ ॥ ੨੩ ॥

**ਮੁਕਤਿ ਕਰਣ ਬੰਧਨ ਹਰਣ ਬਹੁਤ ਜਤਨ ਜਗ ਭਬ। ਪੈ ਯਹਿ ਕੋਟਿ ਉਪਾਇ ਕਰ ਸਤ ਸੰਗਤਿ ਕਰ ਤਬ।੨੪।**

ਮੁਕਤੀ ਦੇ ਕਾਰਨ ਨੂੰ ਅਤੇ ਸੰਸਾਰ ਰੂਪੀ ਬੰਦਨਾਂ ਦੇ ਤੋੜਨ ਨੂੰ ਕਈ ਤਰਾਂ ਦੇ ਬਹੁਤ ਜਤਨ ਉਪਾਵ ਕਰੀਦੇ ਹਨ ਵ ਜੋ ਜੀਵ ਕਰੇ ਫਿਰ ਬਹੁੜੋ ਜੋ ਵਸਤੂ ਏਨਾਂ ਕਰੋੜਾਂ ਜਤਨਾਂ ਨਾਲ ਮਿਲਦੀ ਹੈ ਜੋ ਸਤਸੰਗਤ ਦੇ ਕਰਤਬ ਨਾਲ ਜਲਦੀ ਮਿਲ ਜਾਂਦੀ ਹੈ ॥ ੨੪ ॥

**ਔਰ ਧਰਮ ਜੇਤਕ ਜਗਤ ਅਹਿ ਸਕਾਮ ਸਰੂਪ।**
**ਸਾਧਨ ਗਿਆਨ ਉਦੋਤ ਕੋ ਹੈ ਸਤ ਸੰਗ ਅਨੂਪ।੨੫।**

Sri Satguru Jagjit Singh Ji Elibrary NamdhariElibrary@gmail.com

ਹੋਰ ਧਰਮ ਜਿੰਨੇ ਹਨ ਇਸ ਸੰਸਾਰ ਵਿਚ ਸੇ ਸਾਰੇ ਹੀ ਸਹਕਾਮ ਕਰਮਾਂ ਸਰੂਪ ਹਨ ਭਾਵ ਮਾਇਕ ਪਦਾਰਥ ਦੇ ਕਠੇ ਕਰਨ ਵਾਲੇ ਪਾਖੰਡ ਕਰਨ ਵਾਲੇ ਹਨ ਜੋ ਗਿਆਨ ਨੂੰ ਪਰਗਟ ਕਰਨ ਵਾਲਾ ਧਨ ਹੈ ਸੋ ਸਤਸੰਗਤ ਹੀ ਹੈ ਬੜਾ ਚੰਗਾ ॥ ੨੫ ॥

**ਸੁਰਤਿ ਸਿੰਮ੍ਰਿਤ ਸ੍ਰੀ ਮੁਖ ਕਹਹੋ ਸਤ ਸੰਗਤ ਜਗ ਸਾਰ । ਅਨਾਥ ਮਿਟਾਵੇ ਬਿਖਮਤਾ ਦਰਸਾਵੇ ਸੁ ਬਿਚਾਰ ।੨੬।**

ਵੇਦ ਸ਼ਾਸਤਰ ਸਿੰਮ੍ਰਿਤੀਆਂ ਸ੍ਰੀ ਸੁਭਾਇਮਾਨ ਬ੍ਰਹਮਾ ਅਤੇ ਸਨਕਾਦਿਕਾਂ ਨੇ ਜੋ ਬਾਣੀ ਉਚਾਰੀ ਹੈ ਤੇ ਕਿਆ ਆਖਿਆ ਹੈ ਕਿ ਸਤਸੰਗਤ ਹੀ ਜਗਤ ਵਿਚ ਉਤਮ ਹੈ ਸਭ ਕੰਮਾਂ ਨਾਲੋਂ ਭਾਵ ਸਤਸੰਗਤ ਕਰਨਾ ਬੜਾ ਅਛਾ ਹੈ ਅਤੇ ਕਵੀ ਜੀ ਆਖਦੇ ਹਨ ਕਿ ਬਿਖਮਤਾ ਜੋ ਜਨਮ ਮਰਨ ਦੀ ਔਖੀ ਘਾਟੀ ਸੋ ਸਤਸੰਗਤ ਹੀ ਦੂਰ ਕਰਦਾ ਹੈ ਅਤੇ ਦਿਖਾ ਦੇਂਦਾ ਹੈ ਸਰੇਸ਼ਟ ਵਿਚਾਰ ਨੂੰ ॥ ੨੬ ॥

ਇਤਿ ਸ੍ਰੀ ਕਿਚਾਰ ਮਾਲਾ ਸਤਿਸੰਗਤ ਮਹਿਮਾ ਦੁਤੀਓ ਬਿਸ੍ਰਾਮ ।

# ਤੀਸਰਾ ਅਧਿਆਇ ਵਰਨਨੰ

**ਦੋਹਰਾ ॥ ਭੋ ਭਗਵਾਨ ਗੁਣ ਸਾਧ ਕੇ ਮੈਂ ਜਾਨੇ ਨਿਰਧਾਰ । ਨਿਰਪੇਖਕ ਸੰਕਲਪ ਗਤਿ ਹੈ ਸੁਖ ਸਿੰਧ ਅਪਾਰ ।੧।**

ਜਗਿਆਸੂ ਹੇ ਸਤਿਗੁਰੋ ਆਪ ਦੀ ਕਿਰਪਾ ਕਰਕੇ ਮੈਂ ਸੰਤਾਂ ਦੇ ਗੁਣ ਯਾ ਲਛਣ ਜਾਨ ਲਏ ਹਨ ਨਿਰਨੇ ਕਰਕੇ ਨਿਰਪੇਖਨ ਨਿਰ ਇਛਤ ਮੇਰੇ ਸੰਕਲਪ ਵਿਕਲਪ ਦੂਰ ਹੋ ਗਏ ਹਨ ਅਤੇ ਸੁਖਾਂ ਦੇ ਸਮੁੰਦਰ ਵਿਚ ਮੈਂ ਨਿਵਾਸ ਕੀਤਾ ਹੈ ਅਤੇ ਬਹੁਤ ਹੀ ਅਨੰਦ ਹੋਇਆ ॥ ੧ ॥

**ਹੌਂ ਕਾਮੀ ਵੈ ਸੁਮਤਿ ਚਿਤ ਮੋਹਿ ਨ ਆਵੈ ਬੂਝ । ਕੈਸੇ ਹਿਤ ਉਪਦੇਸ਼ ਕੀ ਪਰੇ ਗੈਲ ਨਿਜ ਸੂਝ ।੨।**

ਜਗਿਆਸੂ ਆਖਦਾ ਹੈ ਹੇ ਸਤਿਗੁਰੋ ਮੈਂ ਬੜਾ ਕਾਮੀ ਵਿਸ਼ਈ ਹਾਂ ਅਤੇ ਉਹ

Sri Satguru Jagjit Singh Ji Elibrary NamdhariElibrary@gmail.com

ਜੋ ਸੰਤ ਹਨ ਸੋ ਬੜੇ ਸੁਮਤ ਚਿਤ ਹਨ ਭਾਵ ਬੜੇ ਅਕਲ ਵਾਲੇ ਹਨ ਅਤੇ ਨਾਮ ਜਪਨ ਵਾਲੇ ਹਨ ਮੈਨੂੰ ਉਹਨਾਂ ਦੀ ਗਲ ਬਾਤ ਨਹੀਂ ਆਂਵਦੀ ਕਿਆ ਬੁਝੀ ਨਹੀਂ ਜਾਂਵਦੀ ਕਿਸ ਪ੍ਰਕਾਰ ਉਹਨਾਂ ਦੇ ਹਿਤ ਉਧਦੇਸ਼ ਰੂਪੀ ਜੋ ਰਸਤਾ ਹੈ ਉਹ ਕੈਸੇ ਸੋਝੀ ਪਵੇ ਮੈਨੂੰ ਭਾਵ ਉਹਨਾਂ ਦਾ ਮੇਰਾ ਮੇਲ ਕੈਸੇ ਹੋਵੇ ਅਤੇ ਨਾ ਮੈਂ ਉਹਨਾਂ ਨੂੰ ਰਾਜੀ ਕਰ ਸਕਦਾ ਹਾਂ ਤੇ ਉਹਨਾਂ ਦੀ ਪ੍ਰਸੰਨਤਾ ਤੋਂ ਬਿਨਾਂ ਕਿਸਤਰਾਂ ਮੁਕਤੀ ਹੋਵਾਂ ॥ ੨ ॥

## ਸ੍ਰੀ ਗੁਰੋ ਵਾਚ ॥

**ਕਹਤ ਸੰਤ ਜੈ ਸਹਜ ਹੀ ਬਾਤ ਗੀਤ ਰੁਚ ਬੈਨ ॥**
**ਤੇ ਤੇਰੇ ਤਨ ਦੁਖ ਹਰਨ ਦਾਇਕ ਸਭ ਸੁਖ ਬੈਨ ।੩।**

ਸ੍ਰੀ ਗੁਰੂ ਜੀ ਆਖਦੇ ਹਨ ਹੇ ਜਗਿਆਸੂ ਜੋ ਸੰਤ ਸਹਿਜ ਸੁਭਾਵ ਹੀ ਬਾਤ ਚੀਤ ਕਰਦੇ ਹਨ ਪਰ ਪਰੀਤੀ ਵਾਲੇ ਬਚਨ ਸੋ ਤੇਰੇ ਸਰੀਰ ਦੇ ਦੁਖ ਨਾਸ ਕਰਨ ਵਾਸਤੇ ਅਤੇ ਸੁਖ ਦੇਨ ਵਾਸਤੇ ਬੜੇ ਹਛੇ ਹਨ ਸੁਖ ਦਾਇਕ ॥ ੩ ॥

**ਬੋਲਤ ਸਹਜ ਸੁਭਾਇ ਜੋ ਬਚਨ ਮਨੋਹਰ ਸੰਤ ॥**
**ਸਪਤ ਭੂਮਿਕਾ ਸਿਆਨ ਕੀ ਤਿਨ ਹੀ ਮੇਂ ਦਰਸੰਤ ।੪।**

ਜੋ ਸਹਿਜ ਸੁਭਾਵ ਹੀ ਬਚਨ ਬਿਲਾਸ ਸੰਤ ਕਰਦੇ ਹਨ ਮਨ ਦੇ ਹਰਨ ਵਾਲੇ ਹੁੰਦੇ ਹਨ ਸੰਤਾਂ ਦੇ ਸੋ ਬਚਨ ਅਤੇ ਉਹਨਾਂ ਬਚਨਾਂ ਵਿਚ ਹੀ ਸਤ ਭੂਮਕਾ ਗਿਆਨਾ ਦਾਆਂ ਦਿਸਦੀਆਂ ਹਨ ॥ ੪ ॥

## ਸਿਖ ਬਚਨ ॥

**ਭੋ ਭਗਵਨ ਮੈ ਦੁਖਤਿ ਅਤਿ ਔਰ ਨ ਕਛੂ ਸੁਹਾਇ।**
**ਸਪਤ ਭੂਮਿਕਾ ਗਿਆਨ ਕੀ ਕਹੀਐ ਮੋ ਸਮਝਾਇ ।੫।**

ਸਿਖ ਆਖਨ ਲਗਾ ਹੇ ਸਤਿਗੁਰੋ ਮੈਂ ਬੜਾ ਦੁਖੀ ਹਾਂ ਅਤਸੈ ਕਰਕੇ ਹੋਰ ਮੈਨੂੰ ਕੁਛ ਨਹੀਂ ਚੰਗਾ ਲਗਦਾ ਹੈ ਆਪਨੇ ਸਤ ਭੂਮਕਾ ਗਿਆਦ ਦੀਆਂ ਆਖੀਆਂ ਹਨ ਉਹ ਮੈਨੂੰ ਸਮਝ ਕਰਕੇ ਆਖੀਏ ਵ ਦਸੀਏ ।੫।

## ਸ੍ਰੀ ਗੁਰੋ ਵਾਚ ॥

**ਸਭ ਇਛਾ ਸੁਬਚਾਰਨਾ ਤਨ ਮਾਨਸਾ ਸੁ ਹੋਇ ॥ ਸਤ੍ਵ ਪਤਿ ਅਸੰਸਕਤ ਪਦਾਰਥ ਅਭਾਵਨੀ ਸੋਇ ॥ ੬ ॥**

Sri Satguru Jagjit Singh Ji Elibrary NamdhariElibrary@gmail.com

ਸ੍ਰੀ ਗੁਰੂ ਜੀ ਆਖਨ ਲੱਗੇ ਹੇ ਜਗਜਾਸੂ-ਸੁਨ ੧ ਸੁਭ ਹਈ ੨ ਸੁਵਚਾਨਾ ਹਈ ੩ ਤਨ ਮਾਨਸਾ ਹਈ ੪ ਸਤ੍ਵ ਪਤ ਹਈ ੫ ਸੰਸਕਤ ਹਈ ੬ ਪਦਾਰਥ ਭਾਵਨੀ ਹਈ ੭ ਤੁਰੀਆ ਹਈ ॥ ੬ ॥

**ਤੁਰੀਆ ਸਪਤਮ ਭੂਮਿਕ ਹੇ ਸਿਖ ਇਹ ਨਿਰਧਾਰ। ਜੋ ਕੁਛ ਅਬ ਸੰਸਯ ਕਹੇ ਬਰਨੋ ਸੋ ਪਰਕਾਰ ॥੭॥**

ਇਹ ਜੋ ਸਤੇ ਹੀ ਗਿਆਨ ਦੀਆਂ ਭੂਮਕਾਂ ਹਨ ਸੋ ਨਿਸਚੇ ਕਰ ਲੈ ਭਾਵ ਨਿਰਨੇ ਕਰ ਲੈ ਜ ਕੁਛ ਤੂੰ ਅਰਥ ਸ਼ੰਕਾ ਕਰੇਗਾ ਮੈਂ ਉਸਦਾ ਉੱਤਰ ਦੇਂਦਾ ਹਾਂ ਸਾਰੀਆਂ ਹੀ ਰੀਤੀਆਂ ਕਰਕੇ ਕਥਨ ਕਰਦਾ ਹਾਂ ॥ ੭ ॥

## ਸਿਖ ਬਚਨ ॥

**ਭੋ ਭਗਵਨ ਲਘੁ ਮਤਿ ਸੁ ਮਮ ਰਹਿਸ ਲਹਯੋਨ ਹਿਜਾਤ। ਭਿੰਨ ਭਿੰਨ ਤਹਿਤੇ ਕਹੋ ਗਿਆਨ ਭੂਮਿਕਾ ਮਾਤ ॥ ੮ ॥**

ਸਿਖ ਆਖਣ ਲਗਾ ਹੇ ਸਤਿਗੁਰੋ ਮੈਂ ਬੜੀ ਤੁਛ ਮਤ ਵਾਲਾ ਹਾਂ ਮੈਥੋਂ ਏਹ ਵੇਦਾਂਤ ਦੇ ਘੋਟਦਾ ਅਨੰਦ ਨਹੀਂ ਲਿਆ ਜਾਂਦਾ ਇਸ ਵਾਸਤੇ ਵਖੋ ਵਖ ਕਰਕੇ ਗਿਆਨ ਦੀਆਂ ਸਤੇ ਹੀ ਭੂਮਕਾ ਕਹੋ ਜੀ ॥ ੮ ।

## ਸ੍ਰੀ ਗੁਰੋ ਵਾਚ-ਗਿਆਨ ਭੂਮਿਕਾ ਬਰਨ

**ਦੋਹਿਰਾ ॥ ਬਿਖਿਆ ਬਿਸੇ ਭਈ ਦੈਵਖਤਾ ਗੁਰ ਤੀਰਥ ਅਨੁਰਾਗ ॥ ਤਾਂਤੇ ਸਭ ਇਛਾ ਕਹੀ ਕਥਾ ਸ੍ਰਵਨ ਮਨ ਲਾਗ ॥੯॥**

ਸ੍ਰੀ ਗੁਰੂ ਜੀ ਆਖਣ ਲਗੇ ਸੁਨ ਭਾਈ ਅਸੀਂ ਗਿਆਨ ਦੀਆਂ ਭੂਮਕਾ ਕਥਨ ਕਰਦੇ ਹਾਂ ਪਹਿਲੀ ਭੂਮਕਾ ਵਿਸ਼ੇ ਵਿਕਾਰਾਂ ਵਿਖੇ ਵਿਚ ਦਵੈਖੱਤਾ ਹੋ ਜਾਨੀ ਭਾਵ ਵਿਸ਼ਿਆਂ ਨੂੰ ਮਾੜੇ ਦੁਖ ਦਾਸੀ ਜਾਨਣਾ ਅਤੇ ਗੁਰੂ ਅਤੇ ਤੀਰਥਾਂ ਵਿਚ ਪਰੇਮ ਕਰਨਾ ਇਸ ਵਾਸਤੇ ਇਸਦਾ ਨਾਮ ਸੁਭ ਇਛਾ ਆਖਿਆ ਹੈ ਅਤੇ ਹੋਰ ਇਕ ਦੋ ਗੁਣ ਕਥਾ ਕੀਰਤਨ ਦੇ ਸੁਨਨ ਵਿਚ ਮਨ ਲਗ ਜਾਨਾ ॥ ੯ ॥

**ਭਗਵਤ ਰਤਿ ਗਤਿ ਆਨ ਮਤਿ ਪ੍ਰੇਮ ਜੁਗਤਿ**

Sri Satguru Jagjit Singh Ji Elibrary NamdhariElibrary@gmail.com

**ਨਿਤਿ ਚਿਤਿ ॥ ਗੁਣ ਗਾਵਤ ਪੁਲਕਤ ਹ੍ਰਿਦੇ ਦਿਨ ਦਿਨ ਸਰਸ ਸੁ ਹਿਤ ॥੧੦॥**

ਪਰਮੇਸ਼ਰ ਨਾਲ ਪਰੀਤ ਕਰਨ ਨਾਲ ਮਾੜੀ ਅਕਲ ਦੂਰ ਹੋ ਜਾਂਦੀ ਹੈ। ਪਰੇਮ ਦੇ ਸੰਜੁਗਤ ਹੋ ਕਰਕੇ ਨਿਤ ਸਦਾ ਹੀ ਚਿਤ ਮੇਂ ਪਰਮਾਤਮਾ ਦੇ ਗੁਨਵਾਦ ਗਾਵਣੇ, ਪਰਮਾਤਮਾ ਦੀ ਭਗਤੀ ਵਿਚ ਲਿਵਲੀਨ (ਮਗਨ) ਹੋ ਜਾਣੇ ਪਰ ਰੋਮਾਵਲੀ ਦਾ ਖੜਾ ਹੋਣਾ ਅਰਥਾਤ ਪਸੀਨਾ ਬਦਨ ਤੇ ਆ ਜਾਵਣਾ, ਵਾ ਹਿਰਦਾ ਪਰਸੰਨ ਹੋ ਜਾਣਾ, ਦਿਨ ਪ੍ਰਤਿ ਪ੍ਰਭੂ ਨਾਲ ਪਰੀਤ ਵਧੇਨੀ ਇਸ ਅਵਸਥਾ ਦਾ ਨਾਮ ਸੁਭ ਇਛਾ ਭੂਮਿਕਾ ਹੈ ॥ ੧੦ ॥

**ਦੂਜੀ ਕਹੀ ਬਿਚਾਰਨਾ ਉਪਜਿਓ ਤਤ ਵਿਚਾਰ। ਹੈਵ ਇਕਾਂਤ ਸ਼ੋਧਨ ਲਗਯੋ ਕੋਹੰ ਕੋ ਸੰਸਾਰ ॥੧੧॥**

ਜਦ ਜਗਿਆਸੂ ਦੇ ਰਿਦੇ ਵਿਚ ਤਤ ਬੀਚਾਰ ਪ੍ਰਗਟ ਹੋ ਜਾਵੇ ਅਰ ਜਾਨ ਲਏ ਕਿ ਮੈਂ ਕਿਆ ਹਾਂ ? ਜਗਤ ਕਿਆ ਹੈ ? ਕੇਹੜੀ ਵਸਤੂ ਸਤ ਹੈ ਤੇ ਕੇਹੜੀ ਮਿਥਿਆ ਹੈ ? ਇਕਾਂਤ ਬੈਠਕੇ ਵਿਚਾਰ ਕਰੇ ਕਿ ਪਰਮੇਸ਼ਰ ਕਿਸ ਅਵਸਥਾ ਕੋ ਬਿਚਾਰਨਾ ਦੂਸਰੀ ਭੂਮਕਾ ਕਹਿੰਦੇ ਹਨ ॥ ੧੧ ॥

**ਤਨੁ ਮਾਨਸਾ ਸੁ ਤੀਸਰੀ ਮਨ ਕੋ ਪ੍ਰਤ ਅਹਾਰ। ਇਸਥਿਰ ਹੈਵ ਸੁਧ ਸਰੂਪ ਕੀ ਰਾਖੈ ਨਿਤ ਸੰਭਾਰ ।੧੨।**

ਅੰਤਰ ਮੁਖ ਹੋਕਰ ਮਨ ਨੂੰ ਪ੍ਰਤਅਹਾਰ ਕਰਕੇ ਰੋਕੇ, ਆਪਣੇ ਸੁਧ ਸਰੂਪ ਕੀ ਖੋਜਨਾ ਕਰੇ ਅਤੇ ਸੰਭਾਲ ਰਖੇ ਇਸਦਾ ਨਾਮ ਤਨ ਮਾਨਸਾ ਤੀਸਰੀ ਭੂਮਿਕਾ ਹੈ ॥੧੨॥

**ਚਤੁਰਥੀ ਸਤਵਾਪਤਿ ਯਹ ਅਨੁਭਵ ਉਦੈ ਅਭੰਗ। ਆਤਮਾ ਜਗ ਦ੍ਰਸਿਓ ਭਲੈ ਜਿਉ ਸਿੰਧੁ ਮਧ ਤਰੰਗ ।੧੩**

ਐਸੇ ਅਭਿਆਸ ਕਰਨੇ ਦੇ ਪਿਛੋਂ ਜਦ ਜਗਿਆਸੂ ਦੇ ਰਿਦੇ ਵਿਚ ਬ੍ਰਹਮ ਦੀ ਸਾਖਿਆਤ ਕਾਰੀ ਪ੍ਰਗਟ ਹੁੰਦੀ ਹੈ ਤਦ ਉਸਕੋ ਆਤਮਾ ਮੇਂ ਯਹ ਸੰਸਾਰ ਐਸੇ ਮਿਥਿਆ ਭਾਸਦਾ ਹੈ, ਜੈਸੇ ਸਮੁੰਦਰ ਵਿਚ ਉਪਾਧੀ ਕਰਕੇ ਮਿਥਿਆ ਰੂਪ ਤਰੰਗ ਅਰ ਬੁਦਬੁਦੇ ਦਿਖਾਈ ਦਿੰਦੇ ਹਨ ਇਸ ਅਵਸਥਾ ਦਾ ਨਾਮ ਸਤਵਾਪਤਿ ਚੌਥੀ ਭੂਮਿਕਾ ਹੈ ॥ ੧੩ ॥

**ਛੂਟਿਓ ਤਨ ਅਭਿਮਾਨ ਜਬ ਨਿਸਚੈ ਕੀਉ ਸਰੂਪ ਅਸੰਸਕਤਿ ਯਿਹ ਭੂਮਕਾ ਪੰਚਮ ਮਹਾ ਅਨੂਪ ॥੧੪।**

ਜਦ ਚੌਥੀ ਭੂਮਿਕਾ ਵਿਚ ਪੂਰਨ ਵਿਸ਼ਵਾਸ ਹੋ ਜਾਵੇ ਕਿ ਬ੍ਰਹਮ ਅਭਿੰਨ ਹੈ ਕਰ ਦੇਹੀ ਦਾ ਅਭਿਮਾਨ ਛੁਟ ਜਾਵੇ ਆਪਣੇ ਸਰੀਰ ਕੋ ਆਪ ਸੇ ਭਿੰਨ ਸਮਝੇ। ਇਸ ਅਵਸਤਾ ਕੋ ਅਸੰਸਕਿਤ ਪਾਂਚਵੀ ਭੂਮਕਾ ਕਹਿੰਦੇ ਹਨ॥ ੧੪॥

**ਕਹੇ ਪਦਾਰਥ ਬੁਧਿ ਲੌ ਸਭ ਕੋ ਹੋਇ ਅਭਾਵ।**
**ਯਹਿ ਪਦਾਰਥ ਭਾਵਨੀ ਖਸਟੀ ਭੂਮਿ ਲਖਾਵ।੧੫।**

ਦੇਹ ਸੇ ਲੇਕਰ ਬੁਧੀ ਪਰਯੰਤ ਜੋ ਪਦਾਰਥ ਹਨ ਵੁਹ ਸਭ ਜਦ ਜਗਿਆਸੂ ਕੋ ਬ੍ਰਹਮ ਰੂਪ ਦ੍ਰਿਸ਼ਟੀ ਗੋਚਰ ਹੋਵੇਂ ਤਬ ਐਸੀ ਅਵਸਥਾ ਕੋ ਪਦਾਰਥਾ ਭਾਵਨੀ ਛੇਵੀਂ ਭੂਮਿਕਾ ਕਹਿੰਦੇ ਹਨ॥ ੧੫॥

**ਭਾਵ ਅਭਾਵ ਨ ਤਹਾਂ ਕੁਛ ਸਪਤਮ ਤੁਰੀਆ ਮਾਹਿ।**
**ਮੈਂ ਤੂੰ ਤਹਾਂ ਨ ਸੰਭਵੇ ਕਹਾ ਅਹੇ ਕਹਾ ਨਾਹਿ।੧੬।**

ਹੋਣਾ ਨਾ ਹੋਣਾ ਤਿਸ ਜਗਾ ਕੁਛ ਵੀ ਨਹੀਂ ਮੈਂ ਅਤੇ ਤੂੰ ਵੀ ਨਹੀਂ ਕਿਥੇ ਆਵੇ ਕਿਥ ਜਾਵੇ ਇਹ ਕੁਛ ਵੀ ਨਹੀਂ ਬਣਦਾ। ਐਸੀ ਅਵਸਥਾ ਦਾ ਨਾਮ ਤੁਰੀਆ ਸਾਤਵੀਂ ਭੂਮਿਕਾ ਹੈ॥ ੧੬॥

**ਸੋਰਠਾ। ਪ੍ਰਗਟ ਕਰੀ ਗੁਰਦੇਵ ਸਪਤ ਭੂਮਿਕਾ ਗਿਆਨ ਕੀ। ਅਨਾਥ ਲਹੈ ਨਿਜ ਭੇਵ ਚਿਤ ਦੈ ਕਰਤ ਵਿਚਾਰ ਜੋ।੧੭।**

ਕਵੀ ਅਨਾਥ ਦਾਸ ਕਹਿੰਦਾ ਹੈ ਕਿ ਸਤਿਗੁਰਾਂ ਨੇ ਜੋ ਗਿਆਨ ਦੀਆਂ ਸਾਤ ਭੂਮਕਾ ਵਰਨਣ ਕੀਤੀਆਂ ਹਨ, ਚਿਤ ਕੋ ਇਕਾਗਰ ਕਰ ਜੋ ਤਿਨ ਕੋ ਬੀਚਾਰੇ, ਉਹ ਆਪਣੇ ਅਸਲੀ ਸਰੂਪ ਕੋ ਪਛਾਨ ਲਵੇਗਾ॥ ੧੭।

**ਤ੍ਰਤੀਯ ਮਾਲ ਵੀਚਾਰ ਕੋ ਹਰਨ ਸਕਲ ਸੰਤਾਪ।।**
**ਗਿਆਨ ਭੂਮਕਾ ਪ੍ਰਗਟ ਕਰ ਭਯੋ ਸ਼ਾਂਤ ਅਬ ਆਪ।੧੮।**

ਇਸ ਵਿਚਾਰ ਮਾਲਾ ਦਾ ਜੋ ਤੀਸਰਾ ਅਧਿਆਇ ਹੈ ਇਹ ਸਰਬ ਸੰਤਾਪ ਹਰ ਲੈਂਦਾ ਹੈ॥

ਇਤਿ ਸ੍ਰੀ ਵਿਚਾਰ ਮਾਲਾ ਸਪਤ ਗਿਆਨ ਭੂਮਕਾ ਵਰਨਣ ਨਾਮ ਤ੍ਰਿਤੀਆ ਅਧਿਆਇ ਸਮਾਪਤ॥

Sri Satguru Jagjit Singh Ji Elibrary NamdhariElibrary@gmail.com

# ਚੌਥਾ ਅਧਿਆਇ ਵਰਨਨੰ

## ਸਿਖ ਉਵਾਚ

ਦੋਹਰਾ ॥ ਭਗਵਾਨ ਮੈਂ ਜਾਨਿਉਂ ਭਲੈ ਸਪਤ ਭੂਮਕਾ ਗਿਆਨ। ਨਿਰਮਲ ਗਿਆਨ ਉਦਯੋਤ ਕੋ ਸਾਧਨ ਕੌਣ ਪ੍ਰਮਾਨ ।੧।

ਹੇ ਭਗਵਾਨ ! ਗਿਆਨ ਦੀ ਸਪਤ ਭੂਮਿਕਾ ਮੈਨੇ ਅਛੀ ਤਰਾਂ ਅਬ ਜਾਨੀ ਹੈ, ਕ੍ਰਿਪਾ ਕਰਕੇ ਬਤਾਵੋ ਜੀ ਉਪਾਧੀ ਰਹਿਤ ਸੁਧਬ੍ਰਹਮ ਕਾ ਜੋ ਗਿਆਨ ਹੈ ਤਿਸਕੀ ਉਤਪਤੀ ਕੇ ਕੌਨਸੇ ਸਾਧਨ ਹੈਂ ? ॥ ੧ ॥

ਭਗਵਨ ਤਿਮਰ ਨਸੈ ਨਹੀ ਕਹਿ ਦੀਪਕ ਕੀ ਬਾਤ। ਪੂਰਨ ਗਿਆਨ ਉਦਯ ਬਿਨਾ ਹਿਰਦਯ ਭਰਮ ਨਹੀ ਜਾਤ ।੨।

ਹੇ ਮਹਾਰਾਜ ! ਜੈਸੇ ਤੇਲ ਦੀਵੇ ਬਤੀ ਦੀ ਕੇਵਲ ਮੁਖ ਸੇ ਬਾਤ ਕਰਨੇ ਸੇ, ਅੰਧਕਾਰ ਦੂਰ ਨਹੀਂ ਹੁੰਦਾ ਤੈਸੇ ਹਿਰਦੇ ਬੀਚ ਸਾਖਿਆਤ ਗਿਆਨ ਪ੍ਰਗਟ ਹੋਣੇ ਬਿਨਾਂ ਮੇਰੇ ਰਿਦੇ ਦਾ ਭਰਮ ਨਹੀਂ ਮਿਟੇਗਾ। ਕਿਰਪਾ ਕਰਕੇ ਤਿਸਕਾ ਕੋਈ ਸਾਧਨ ਵਰਨੰਨ ਕਰੋ ॥ ੨ ॥

## ਸ੍ਰੀ ਗੁਰੋ ਵਾਚ

ਦੋਹਰਾ ॥ ਪ੍ਰਥਮੈ ਜਗਤ ਅਕਕਿਤ ਭਜਿ ਦਾਰਾ ਸੁਤ ਗ੍ਰਿਹ ਵਿਤ ॥ ਵਿਖਵਤ ਵਿਖੈ ਬਿਸਾਰ ਜਗ ਰਾਗ ਅਰ ਦਵੈਖ ਅਤਿਤ ।੩।

ਹੇ ਸਿਖ ! ਇਹ ਜਗਤ ਜੋ ਆਸਕਿਤ ਹੈ ਪਹਿਲੇ ਇਸਨੂੰ ਛਡਦੇ ਅਤੇ ਇਸਤਰੀ ਪੁਤਰ ਘਰ ਧਨ ਇਤਿਆਦਿਕ ਵਿਸ਼ੇ ਜ਼ਹਿਰ ਦੇ ਬਰਾਬਰ ਜਾਨ ਕਰਕੇ ਛੋਡਦੇ ਰਾਗ ਅਰ ਦਵੇਖ ਤੋਂ ਰਹਿਤ ਵਿਰਕਤ ਹੋ ਜਾ।

ਤ੍ਰਿਅ ਅਤਿ ਪ੍ਰਿਅ ਜੋ ਜਾਨ ਨਰ ਕਰਤ ਪ੍ਰੀਤ

Sri Satguru Jagjit Singh Ji Elibrary NamdhariElibrary@gmail.com

**ਅਧਿਕਾਇ। ਤੇ ਸਠ ਅਤਿ ਮਤਿਮੰਦ ਜਗ ਬ੍ਰਿਥਾ ਧਰੀ ਨਰਕਾਇ।੪।**

ਆਪਣੀ ਇਸਤਰੀ ਨੂੰ ਜੋ ਪੁਰਖ ਅਤਿ ਹੀ ਪਿਆਰੀ ਜਾਨ ਕਰਕੇ ਪਰੀਤੀ ਕਰਦੇ ਹਨ ਵਹ ਬੰਦੇ ਮੂਰਖ ਮਤਿਮੰਦ ਹਨ ਉਹਨਾਂ ਨੇ ਮਾਨਸ ਸਰੀਰ ਜੋ ਮੁਕਤੀ ਦਾ ਸਾਧਨ ਹੈ ਬਿਅਰਥ ਹੀ ਧਾਰਨ ਕੀਤਾ ਹੈ ਧਰਤੀ ਵੀ ਆਖਦੀ ਹੈ ਕਿ ਮੈਨੂੰ ਲਗਦਾ ਹੈ।

**ਅਸਥਿ ਮਾਸ ਅਰ ਰੁਧ੍ਰਿ ਤਵਚ ਕਸਮਲ ਨਖ ਸਿਖ ਪੂਰ। ਨਿਰਗੁਨ ਅਸੁਧਿ ਮਲੀਨ ਤਨ ਤਿਆਗਿ ਆਗਿ ਜਿਉਂ ਦੂਰ।੫।**

ਹੇ ਸਿਖਯ! ਇਸਤ੍ਰੀ ਦੀ ਦੇਹੀ ਹਡੀਆਂ ਅਤੇ ਮਾਸ ਅਤੇ ਲਹੂ ਤੇ ਖਲੜੀ ਇਨ ਅਸ਼ੁਧ ਪਦਾਰਥੋਂ ਸੇ ਨਵਾਂ ਤੋਂ ਲੈ ਕਰਕੇ ਚੋਟੀ ਪ੍ਰਯੰਤ ਭਰੀ ਹੋਈ ਹੈ ਜਿਸਦਾ ਬਾਹਰ ਵਾਲਾ ਸਰੀਰ ਭੀ ਮਲੀਨ ਅਤੇ ਅਪਵਿਤਰ ਹੈ, ਕੇਵਲ ਸਰੀਰ ਸੇ ਹੀ ਦੁਸ਼ਿਟ ਨਹੀਂ ਕਿੰਤੂ ਸੁਭਾਵ ਸੇ ਭੀ ਦੁਸ਼ਿਟ ਹੈ ਇਸ ਲੀਏ ਅਗਨੀ ਦੇ ਸਮਾਨ ਦਾਹ ਦਾ ਹੇਤੂ ਜਾਨ ਕਰ ਤਿਸ ਕਾ ਤਿਆਗ ਕਰ।

**ਅਹਿ ਬਿਖ ਤਨ ਕਾਟੇ ਚੜੇ ਯਹ ਚਿਤਵਤ ਚਢ ਜਾਇ। ਗਿਆਨ ਧਿਆਨ ਪੁਨ ਪ੍ਰਾਣ ਹੂੰ ਲੇਤ ਮੂਲ ਜੁਤ ਖਾਇ।੬।**

ਜਦ ਸਰਪ ਲੜਦਾ (ਡੰਗਦਾ) ਹੈ ਤਦ ਸ਼ਰੀਰ ਨੂੰ ਜ਼ਹਿਰ ਚੜਦੀ ਹੈ ਕਿੰਤੂ ਇਹ ਜੋ ਇਸਤਰੀ ਹੈ ਇਹਦੇ ਵੇਖਦਿਆਂ ਹੀ ਵਾ ਯਾਦ ਕਰਦਿਆਂ ਹੀ ਕਾਮ ਰੂਪੀ ਜ਼ਹਿਰ ਚੜ ਜਾਂਦੀ ਹੈ ਅਤੇ ਗਿਆਨ ਧਿਆਨ ਭੁਲ ਜਾਂਦਾ ਹੈ. ਅਰ ਮੈਥਨ (ਭੋਗ ਬਿਲਾਸ) ਕਰਨ ਕਰਕੇ ਪੁਰਸ਼ ਦੀ ਆਯੂ ਨਾਸ਼ ਹੋਤੀ ਹੈ ਸਵਾਸਾਂ ਦੀ ਅਸਟੀਮ ਜਿਆਦਾ ਚਲਦੀ ਹੈ ਇਸ ਪ੍ਰਕਾਰ ਪਰਾਣੋ ਕੋ ਖਾਤੀ ਹੈ।

**ਮੈਥੁਨ ਅਸ਼ਟ ਪ੍ਰਕਾਰ ਜੋ ਅਨਾਥ ਕਹਿਯੋ ਸੁਰਤਿ ਚਾਹਿ। ਇਨ ਤੇ ਨਿਜ ਬਿਪਰੀਤ ਜੋ ਬ੍ਰਹਮ ਚਰਜ ਕਹਿ ਤਾਹਿ।੭।**

ਕਵੀ ਅਨਾਥ ਦਾਸ ਜੀ ਸ਼ੁਰਤੀਆਂ ਅਤੇ ਸ਼ਾਸਤਰਾਂ ਨੂੰ ਦੇਖ ਕਰਕੇ ਕਹਿੰਦੇ

Sri Satguru Jagjit Singh Ji Elibrary NamdhariElibrary@gmail.com

ਹਨ ਕਿ ਮੈਥਨ ਅੱਠ ਪ੍ਰਕਾਰ ਦਾ ਹੁੰਦਾ ਹੈ ਇਨਤੇ ਬਿਪਰੀਤ ਰਹਿਣਾ, ਇਨ ਮੇਂ ਨਹੀਂ ਫਸਨਾ ਜਿਸਦਾ ਨਾਮ ਬ੍ਰਹਮ ਚਰਜ ਹੈ।

**ਸ੍ਰਵਣ ਸਿਮਰਨ ਕੀਰਤਨ ਚਿਤਵਨ ਬਾਤ ਇਕੰਤ।**
**ਦ੍ਰਿੜ ਸੰਕਲਪ ਪ੍ਰਜਤਨ ਤਨ ਪ੍ਰਾਪਤ ਅਸ਼ਟ ਕਹੰਤ।੮।**

੧-ਇਸਤਰੀ ਦੀ ਸਭਾ ਦੀ ਬੜਾਈ ਸ਼ਰਵਣ ਕਰਨਾ, ੨-ਉਸਦੀ ਬੜਾਈ ਦਾ ਕਥਨ ਕਰਨਾ, ੩-ਉਸ ਦੇ ਗੁਣਾਂ ਦਾ ਵਰਨਨ ਕਰਨਾ। ੪-ਚਿਤ ਵਿਖੇ ਚਿਤਵਨਾ ਰਖਣਾ, ੫- ਇਕੰਤ ਬਾਤ ਚੀਤ ਕਰਨੀ ੬-ਉਸ ਦੇ ਮਿਲਨੇ ਦਾ ਦਰਿੜ ਸਕਲਪ ਕਰਨਾ, ੭- ਪ੍ਰਜਤਨ ਅਰਥਾਤ ਸ਼ਰੀਰ ਕਰਕੇ ਉਦਮ ਕਰਨਾ, ੮- ਪਰਾਪਤੀ ਅਰਥਾਤ ਉਸ ਸੇ ਮੇਲਾਪ ਹੋਣਾ ਯਹ ਆਠ ਪ੍ਰਕਾਰ ਕਾ ਮੈਥੁਨ ਕਰਾ ਜਾਤਾ ਹੈ।

**ਸੁਤ ਮੀਠੀ ਬਾਤੈਂ ਕਹੈਂ ਮਨਹੁ ਮੋਹਨੀ ਮੰਤ।**
**ਸੁਨਿ ਸੁਨਿ ਆਨੰਦ ਪਾਵਹੀ ਬਸ ਹੋਤ ਮੂਢ ਜਗ ਜੰਤ।੯।**

ਪੁਤਰ ਜੋ ਮਧੁਰ ਤੋਤਲੇ ਬਚਨ ਕਹਤੇ ਹੈਂ ਸੋ ਮਾਨੋ ਚਿਤ ਕੇ ਮੋਹਿਤ ਕਰਨੇ ਵਾਲੇ ਮੋਹਨੀ ਮੰਤਰ ਹੈ। ਸੁਣ ਸੁਣ ਕੇ ਪਿਤਾ ਜੀ ਅਨੰਦ ਵਿਚ ਨਹੀਂ ਸਮਾਂਵਦਾ ਜੋ ਪੁਰਖ ਐਸੇ ਅਨੰਦ ਮੇਂ ਮਗਨ ਹੋਕਰ ਤਾਂ ਕੇ ਵਸ ਹੋ ਜਾਤੇ ਹੈਂ ਵਹ ਬੜੇ ਮੂਢ ਹਨ ਕਿਉਂਕਿ ਕਿਸੀ ਕਵੀ ਨੇ ਕਿਆ ਸਤਿਯ ਕਹਾ ਹੈ।

ਦੋਹਰਾ-

ਕਰ ਬਿਚਾਰ ਜੁ ਦੇਖੀਏ ਪੁਤਰ ਸਦਾ ਦੁਖ ਰੂਪ।
ਸੁਖ ਚਾਹਤ ਜੋ ਪੂਤ ਤੇ, ਤੇ ਮੂਢਨ ਕੇ ਭੂਪ।

**ਕਾਜ ਕਾਜ ਲਹਿਉ ਨਹੀ ਗਹਿਉ ਮੋਹ ਦ੍ਰਿੜ ਬੰਧ।**
**ਸੁ ਗੁਰੂ ਖੋਜ ਮਗ ਨਾ ਚਹਿਉ ਬਹੋ ਸਿੰਧ ਮਤ ਅੰਧ।੧੦।**

ਜੋ ਪੁਰਖ ਪੁਤਰਾਂ ਦੇ ਮੋਹ ਰੂਪੀ ਫਾਹੀ ਵਿਚ ਫਸਕੇ ਆਪਣਾ ਭਲਾ ਬੁਰਾ ਕਾਜ ਅਕਾਜ ਨਹੀਂ ਵਿਚਾਰਦੇ ਅਰ ਪੂਰਣ ਸਤਿਗੁਰਾਂ ਨੂੰ ਖੋਜਕੇ ਦੀ ਸ਼ਰਨ ਚ ਨਹੀਂ ਜਾਂਦੇ ਤਤਵ ਗਿਆਨ ਜੋ ਮੋਖ ਦਾ ਮਾਰਗ ਹੈ ਉਸ ਵਲ ਨਹੀ ਤਕਦੇ ਐਸੇ ਅੰਧ ਅਗਿਆਨੀ ਪੁਰਖ ਜਨਮ ਮਰਨ ਰੁਪ ਸੰਸਾਰ ਸਮੁੰਦਰ ਮੇ ਡੁਬ ਜਾਂਦੇ ਹਨ।

**ਸੋਰਠਾ। ਅੰਧ ਕੂਪ ਸਮ ਗ੍ਰਿਹਿ ਪਰਿਉ ਨ ਜਾਨੋ ਯ ਮਰਮ। ਸਠ ਬੰਧਿਉ ਪਸ਼ੁਵਤ ਨੇਹ ਸੁਤ ਤ੍ਰਿਯਾ ਕ੍ਰੀੜਾ ਮ੍ਰਿਗ ਜਿਉ।੧੧।**

Sri Satguru Jagjit Singh Ji Elibrary NamdhariElibrary@gmail.com

ਘਰ ਜੋ ਹੈ ਅੰਨੇ ਖੂਹ ਬਰਾਬਰ ਦੁਖਦਾਈ ਹੈ ਉਸ ਵਿਚ ਇਹ ਮੂਰਖ ਮਰਮ ਨ ਜਾਨ ਕਰਕੇ ਵੜ ਗਿਆ ਹੈ ਝੂਠੇ ਪਰੇਮ ਦੀ ਡੋਰੀ ਵਿਚ ਪਸੂ ਵਾਂਕਰ ਬਨਾ ਹੋਇਆ ਇਸਤਰੀ ਪੁਤਰ ਦੇ ਸਨੇਹ ਕਰਕੇ ਮਿਰਗ ਬਣਦਾ ਦੌੜਦਾ ਫਿਰਦਾ ਹੈ ਲਾਨਤ ਹੈ ਐਸੇ ਪੁਰਖ ਪਰ।

**ਦੋਹਰਾ- ਦਰਬ ਦੁਖਦ ਤਿਹੁ ਭਾਂਤਿ ਜਹ ਸੰਪਤ ਮਾਨਤ ਕਰੂਰ। ਬਿਸਰਿਉ ਆਤਮ ਗਿਆਨ ਧਨੁ ਸਭ ਸੁਖ ਸੰਪਤ ਮੂਰ।੧੨।**

ਸੁਤ, ਦਾਰਾ, ਗ੍ਰਿਹ ਇਨ ਤੀਨੋ ਕੇ ਸਮਾਨ ਧਨ ਭੀ ਦੁਖਦਾਈ ਹੈ ਜੋ ਪੁਰਖ ਇਸਨੂੰ ਸੰਪਤਿ ਮਾਨ ਬੈਠਾ ਹੈ ਸੋ ਕਰੂਰ ਅਰਥਾਤ ਦੁਸ਼ਟ ਸੁਭਾਵ ਵਾਲਾ ਹੈ, ਆਤਮਾ ਦੇ ਗਿਆਨ ਰੂਪੀ ਜੋ ਸਚਾ ਧਨ ਬ੍ਰਹਮ ਦਾ ਅਨੰਦ ਹੈ ਵਹ ਸਰਬ ਸੁਖ ਸੰਪਤ ਦਾ ਹੇਤੂ ਹੈ ਝੂਠੇ ਧਨ ਦੀ ਲਾਲਚ ਵਿਚ ਵਹੁ ਭੁਲ ਜਾਂਦਾ ਹੈ।

**ਬਹੁ ਉਦਮ ਪਰਾਣੀ ਕਰੈ ਅਤੀ ਕਲੇਸਤਾ ਹੇਤ। ਜੁਰੈ ਤੁ ਰਛਾ ਨਿਪਟ ਦੁਖ ਜਾਇ ਤ ਪਰਾਨ ਸਮੇਤ।੧੩।**

ਇਹ ਧਨ ਬਹੁਤ ਉਦਮ ਅਰ ਕਲੇਸ਼ ਸੇ ਕਠਾ ਹੁੰਦਾ ਹੈ ਰਛਾ ਕਰਨੇ ਮੇ ਭੀ ਬਹੁਤ ਦੁਖ ਹੁੰਦਾ ਹੈ ਜੇਕਰ ਚੁਰਾਇਆ ਜਾਏ ਤਾਂ ਪਰਾਣਾ ਨੂੰ ਭੀ ਨਾਲ ਲੈ ਜਾਂਦਾ ਹੈ ਐਸੇ ਕਲੇਸ਼ ਕਰਨ ਵਾਲੇ ਧਨ ਕੋ ਧਿਕਾਰ ਹੈ।

**ਤਾਂਤੇ ਇਨਕੋ ਸੰਗ ਤੂੰ ਛਾਡ ਕੁਸ਼ਲ ਜੀਅ ਮਾਨ॥ ਮਾਨੋ ਬਿਖ ਤੇ ਸਰਪਟੇ ਠਗ ਤੇ ਛੁਟਿਉ ਨਿਦਾਨ।੧੪।**

ਇਸ ਵਾਸਤੇ ਜੇਕਰ ਤੂੰ ਅਪਨੇ ਸਰੀਰ ਦਾ ਭਲਾ ਚਾਹੁੰਦਾ ਹੈਂ ਤਾਂ ਸੁਤ ਦਾਰਾ ਅਰ ਗ੍ਰਿਹ ਇਨਾਂ ਵਸਤੂਆਂ ਦਾ ਮੋਹ ਛਡਦੇ. ਫਿਰ ਇਹ ਜਾਣਕੇ ਮਨ ਮੇ ਅਨੰਦ ਸੇ ਰਹਿ ਕੇ ਮੈਂ ਸਰਪ ਦੇ ਬਿਖ ਤੋਂ ਠਗਾਂ ਤੇ ਅਰ ਅਨੇਕ ਬਲਾ ਤੇ ਛੁਟ ਗਿਆ ਹਾਂ।

**ਜਗਤ ਖੇਦ ਮਹਿ ਪਰੇ ਜਿਨਿ ਕੇਵਲ ਦੁਖ ਤਾਮਾਹਿ। ਸਤਿਯ ਸਤਿਯ ਪੁੰਨ ਸਤਿਯ ਕਹੁ ਸੁਖ ਸੁਪਨੇ ਹੂੰ ਨਾਹਿ।੧੫।**

ਹੇ ਸਿਖ ਇਸ ਦੁਖ ਰੂਪ ਜਗਤ ਦੇ ਖੇਦਾਂ ਵਿਚ ਜੋ ਜਨ ਪੜੇ ਹੈਂ ਵਹ ਅਤੀ ਦੁਖੀ ਹਨ ਮੈਂ ਸਤਿ ਕਹਿੰਦਾ ਹਾਂ ਕੇ ਸਵਪਨ ਮੇਂ ਭੀ ਤਿਨ ਕੋ ਸੁਖ ਪ੍ਰਾਪਤ ਨਹੀਂ ਹੁੰਦਾ।

Sri Satguru Jagjit Singh Ji Elibrary NamdhariElibrary@gmail.com

**ਜਗ ਸਮੁਦਰ ਆਸ਼ਕਤਜਲ ਕਾਮਾਦਿਕ ਬਹੁ ਜੰਤ।**
**ਭੰਵਰ ਭਰਮਤਾ ਮੈ ਫਿਰੈ ਦੁਖ ਸੁਖ ਲਹਰ ਅਨੰਤ।੧੬।**

ਇਹ ਜਗਤ ਮਾਨੋ ਇਕ ਸਮੁੰਦਰ ਹੈ, ਜਿਸ ਵਿਚ ਮੋਹ ਰੂਪ ਜਲ ਹੈ। ਕਾਮ ਕ੍ਰੋਧ ਲੋਭ ਮੋਹ ਆਦਿਕ ਉਸ ਜਲ ਦੇ ਰਹਿਣੇ ਵਾਲੇ ਜੀਵ ਜੰਤੂ ਹਨ, ਭਰਮ ਰੂਪੀ ਭੰਵਰ ਜੋ ਚਕਰ ਹਨ ਉਸ ਮੇਂ ਦੁਖਾਂ ਦੀਆਂ ਬੇਅੰਤ ਲਹਿਰਾਂ ਉਪਜਦੀਆਂ ਹਨ।

**ਚਿੰਤਾ ਬੜਵਾ ਅਗਨਿ ਜਿਹ ਤ੍ਰਿਸ਼ਨਾ ਪ੍ਰਬਲ ਸਮੀਰ।**
**ਜਿਹ ਜਹਾਜ ਯਾਮੈ ਪੜਿਉ ਤਿਹ ਕਿਮ ਧੀਰ ਸਮੀਰ।੧੭।**

ਅਰ ਐਸੇ ਸਮੁੰਦਰ ਵਿਚ ਚਿੰਤਾ ਰੂਪੀ ਬੜਵਾ ਅਗਨੀ ਹੈ ਜਿਸ ਵਿਚ ਤ੍ਰਿਸ਼ਨਾ ਰੂਪੀ ਜਲ ਹੈ ਸੋ ਜਿਸ ਪੁਰਖ ਦਾ ਚਿਤ ; ਰੂਪੀ ਜਹਾਜ ਐਸੇ ਦੈਵੀ ਸੰਪਤੀ ਗੁਣਾਂ ਦਾ ਕੈਸੇ ਵਾਸਾ ਹੋਵੇ ? ਅਰਥਾਤ ਨਹੀਂ ਹੁੰਦਾ ਅਰ ਚਿਤ ਰੂਪੀ ਜਹਾਜ ਬੁਡੰਡਾ ਤੁਰੰਦਾ ਅਰ ਭਟਕਦਾ ਰਹਿੰਦਾ ਹੈ।

**ਅਪਨੋ ਚਿਤ ਦੁਰਾਸ਼ ਭਇਉ ਪਰ ਅਵਗੁਣ ਦਰਸੰਤ।**
**ਦ੍ਰਿਸਟ ਦੋਸ਼ ਤੈਂ ਪ੍ਰਗਟ ਜਿਉਂ ਬਿਬ ਸ਼ਸ਼ ਗਗਨ ਲਹਤ।੧੮।**

ਜਦ ਆਪਨੇ ਤੇ ਚਿਤ ਜੀਵਦਾ ਖੋਟੀ ਆਸਾ ਵਾ ਵਾਸ਼ਨਾ ਵਾਲਾ ਹੋਇਆ ਹੈ ਅਤੇ ਪਰਾਇਆਂ ਗੁਣਵਾਨਾਂ ਦੇ ਗੁਣਾਂ ਨੂੰ ਅਵਗਣ ਜਾਣਦਾ ਹੈ ਭਾਵ ਆਪਣੀ ਦ੍ਰਿਸ਼ਟੀ ਵਿਚ ਮੈਲ ਹੈ ਅਤੇ ਲੋਕਾਂ ਵਿਚ ਔਗੁਣ ਦੇਖਦਾ ਹੈ ਪਰ ਕਹਿੰਦਾ ਹੈ ਕਿ ਲੋਕਾਂ ਵਿਚ ਔਗੁਣ ਹਨ ਜੈਸੇ ਦਰਿਸ਼ਟ ਦੇ ਦੋਸ਼ ਕਰਦੇ ਪ੍ਰਗਟ ਹੀ ਦੋ ਚੰਦਰਮਾ ਆਕਾਸ਼ ਵਿਚ ਨਜਰ ਆਂਵਦੇ ਹਨ।

**ਤਾਤੇ ਤਨ ਅਭਿਮਾਨ ਬਸ ਅਜਰ ਭਾਸ ਬਰ ਆਹਿ।**
**ਗਿਆਨ ਲੋਪ ਸੰਸਾਰ ਕਰ ਕਬਹ ਨ ਗਹੀਏ ਜਾਹਿ।੧੯।**

ਇਸ ਵਾਸਤੇ ਸਰੀਰ ਦਾ ਅਭਿਮਾਨ ਤਜ ਜੋ ਨਾ ਸਹਾਰੀ ਜਾਵੇ ਸੋ ਇਹ ਹੈ ਸੰਸਾਰ ਉਤੇ ਜੋ ਜੀਵ ਆਇਆ ਹੈ ਉਸਦਾ ਗਿਆਨ ਦੂਰ ਕਰ ਦੇਂਦਾ ਹੈ ਇਸ ਦੇਹ ਅਭਿਮਾਨ ਨੂੰ ਕਦੀ ਵੀ ਨ ਪਕੜੀਏ ।੧੯।

**ਸੁਖ ਬ੍ਰਹਮਾ ਇੰਦ੍ਰਦਕੇ ਸੁਆਨ ਵਿਸਟ ਵਤ ਤਿਆਗ**
**ਨਾਮ ਮਾਤ੍ਰ ਸੁਖ ਅਵਨਿ ਕੇ ਭੂਲਨ ਸੇ ਅਨਰਾਗ।੨੦।**

Sri Satguru Jagjit Singh Ji Elibrary NamdhariElibrary@gmail.com

ਫਿਰ ਜੋ ਸੁਖ ਹਨ ਬ੍ਰਹਮਾ ਅਤੇ ਇੰਦਰ ਆਦਿਕ ਦੇ ਸੋ ਕੁਤੇ ਦੇ ਵਿਸ਼ਟਾ ਵਾਂਗ ਜਾਨ ਕਰਕੇ ਦੂਰੋਂ ਹੀ ਛਡ ਦੇ ਨਾਮ ਮਾਤਰ ਇਹ ਸੁਖ ਧਰਤੀ ਦੇ ਹਨ ਭਾਵ ਵਿਅਰਥ ਹਨ ਭੁਲ ਕਰਕੇ ਇਹਨਾਂ ਵਿਚ ਪ੍ਰੇਮ ਨਾ ਕਰਾਏ ਜੀਵ ।੨੦।

**ਧਾਏ ਚਾਤ੍ਰਿ ਧੂਮ ਲਹਿ ਸਾਂਵਤਿ ਬੂੰਦ ਕੋ ਮਾਨ ॥**
**ਮੂਰਖ ਪਰਯੋ ਬਿਚਾਰ ਬਿਨ ਭਈ ਦ੍ਰਿਗਨ ਕੀ ਹਾਨਿ ।੨੧।**

ਬਾਬੀਹਾ ਦੌੜਿਆ ਕਿ ਬਦਲ ਆਏ ਹਨ ਅਤੇ ਧੂੰਆਂ ਸੀ ਉਸਨੂੰ ਭਰਾਤੀ ਹੋ ਗਈ ਭਾਵ ਭੁਲ ਗਿਆ ਹੈ ਇਸਕਾ ਨਾਮ ਭਰਾਤ ਅਲੰਕਾਰ ਹੈ ਚਾਤ੍ਰਿਕਾ ਨੇ ਆਖਿਆ ਮੈਨੂੰ ਸਵਾਤੀ ਬੂੰਦ ਮਿਲੇਗੀ ਓਹ ਜੋ ਮੂਰਖ ਚਾਤ੍ਰਿਕ ਸੀ ਸੋ ਬਿਚਾਰਾ ਸਮਝ ਤੇ ਬਿਨਾ ਉਸਦੇ ਨੇਤਰਾਂ ਦੀ ਹਾਨੀ ਹੋ ਗਈ ਭਾਵ ਅੰਨ੍ਹਾ ਹੋ ਗਿਆ ਇਸੀ ਤਰਾਂ ਜੀਵਾਂ ਦਾ ਹਾਲ ।੨੧।

**ਨਾਰਿ ਪਰਾਈ ਸਵਪਨ ਮੇਂ ਭੁਗਤੀ ਅਤਿ ਸੁਖ ਪਾਇ । ਧਰਮ ਗਯੋ ਕੰਦਪ ਗਯੋ ਅਸੁਚ ਭਯੋਰੁ ਖਸ ਯਾਇ ।੨੨।**

ਪਰਾਈ ਇਸਤਰੀ ਸੁਪਨੇ ਵਿਚ ਬੜੇ ਅਨੰਦ ਨਾਲ ਭੋਗੀ ਇਕ ਤਾ ਧਰਮ ਗਿਆ ਦੂਜਾ ਕਾਮ ਗਿਆ ਤੀਜਾ ਮਲੀਨ ਦੇਹੀ ਹੋ ਗਈ ਚੌਥਾ ਮੂੰਹ ਕਾਲਾ ਹੋ ਗਿਆ ।।੨੨।

**ਚੋਗ ਦੇਖ ਜਯੋਂ ਪਰਤ ਖਗ ਆਪ ਬੰਧਾਵਤ ਜਾਰ।**
**ਐਸੇ ਸੁਖ ਸਿਉਂ ਜਾਨਿ ਜਗ ਬਸਿਭਏ ਹੀਨ ਬਿਚਾਰ ੨੩।**

ਜੈਸੇ ਕਿਸੀ ਫੰਦਕ ਨੇ ਚੋਗਾ ਖਿਲਾਰਿਆ ਹੋਵੇ ਅਤੇ ਜਨੌਰ ਆਪ ਆ ਕਰਕੇ ਪਏ ਫਸਾਵਨ ਅਤੇ ਜਾਲ ਵਿਚ ਫਸਦੇ ਜਾਵਨ ਇਸੀ ਤਰ੍ਹਾਂ ਸੁਖ ਰੂਪ ਇਸ ਜਗ ਨੂੰ ਜਾਣ ਕਰਕੇ ਵਸੀਕਾਰ ਹੋ ਗਏ ਮੂਰਖ ਵਿਚਾਰ ਤੋਂ ਬਿਨਾ ਜੋ ਆਦਮੀ ਹਨ ।

**ਸਵਾਨ ਸੁ ਤ੍ਰਿਯ ਕੋ ਸੰਗ ਕਰਿ ਰਹਤ ਘਰੀ ਉਰਝਾਇ ।**
**ਜਗ ਪ੍ਰਾਣੀ ਤਾਕੇ ਹਸੇ ਅਪਨੋ ਜਨਮੁ ਬਿਹਾਇ ।੨੪।**

ਕੁਤਾ ਆਪਣੀ ਕੁਤੀ ਨਾਲ ਭੋਗ ਕਰਕੇ ਇਕ ਘੜੀ ਭਰ ਨਾਲ ਚਿਮੜਿਆ ਰਹਿੰਦਾ ਹੈ ਅਤੇ ਆਸ ਪਾਸ ਦੇ ਲੋਕੀਂ ਦੇਖਕੇ ਹਸਦੇ ਹਨ ਜੋ ਜਗਤ ਤੇ ਪ੍ਰਾਣੀ ਜੀਵ ਹਨ ਸੋ ਉਸ ਕੁਤੇ ਨੂੰ ਦੇਖਕੇ ਹਸਦੇ ਹਨ ਪਰੰਤੂ ਉਨ੍ਹਾ ਕੁਤੇ ਕੁਤੀਆਂ

Sri Satguru Jagjit Singh Ji Elibrary NamdhariElibrary@gmail.com

ਦਾ ਕੁਝ ਨਹੀਂ ਜਾਂਦਾ ਇਹ ਜੀਵ ਆਪਣਾ ਜਨਮ ਹੀ ਗਵਾਂਵਦੇ ਹਨ ਭਾਵ ਇਹਨਾਂ ਨੂੰ ਪਾਪ ਲਗਦਾ ਹੈ ।੨੪।

**ਨਾਥ ਬਿਸਾਰੈ ਬਿਖੈ ਰਸ ਸੰਤਨ ਜਾਨ ਮਲੀਨ ।ਤਾਂ ਬਿਸਟਾ ਸੋ ਰਤਿ ਕਰੇ ਕਾਮੀ ਕਾਕ ਅਧੀਨ ।੨੫।**

ਕਵੀ ਜੀ ਕਹਿੰਦੇ ਹਨ ਜੋ ਵਿਸਿਆਂ ਦੇ ਰਸ ਨੂੰ ਛਡਿਆ ਹੈ ਸੰਤਾਂ ਨੇ ਮਲੀਨ ਜਾਣਕੇ ਉਸੇ ਹੀ ਗੰਦਗੀ ਨਾਲ ਪ੍ਰੀਤੀ ਕਰਦੇ ਹਨ । ਕਾਮੀ ਜੀਵ ਅਤੇ ਕਊਏ ਵੀ ਜੀਵ ਹਨ ਕਿਉਂਕਿ ਅਠੇ ਪਹਿਰ ਜੋ ਲੰਪਟ ਰਹਿੰਦੇ ਹਨ ।

**ਜਗ ਅਡੰਬਰ ਸੋ ਜਬ ਜਹਾਂ ਉਪਜੈ ਨਿਜ ਨਿਰਬੇਦ। ਪਾਕ ਕਾਚਰੀ ਸਰਤ ਸਿਉਂ ਛੁਟੇ ਸਹਜ ਜਗ ਖੇਦ ।੨੬।**

ਜਗਤ ਜੋ ਪਖੰਡ ਰੂਪ ਹੈ ਇਸ ਵਿਚ ਜਦ ਜੀਵ ਰਹਿੰਦਾ ਹੈ ਤਾਂ ਕਦੀ ਸਤਿਸੰਗ ਕਰਕੇ ਆਪਣੇ ਆਪ ਨੂੰ ਵੈਰਾਗ ਉਤਪੰਨ ਹੋ ਜਾਵੇ ਜੈਸੀ ਪਕੀ ਰੋਟੀ ਕੂੰਜ ਸਰਪ ਉਤੇ ਲਥ ਜਾਂਦੀ ਹੈ ਇਸੀ ਤਰ੍ਹਾਂ ਦੁਖਾਂ ਤੋਂ ਇਹ ਜੀਵ ਛੁਟ ਜਾਂਦਾ ਹੈ ਸਹਿਜ ਹੀ ।੨੬।

**ਬਿਖੈ ਬਾਸਣਾ ਤਿਆਗ ਕਰ ਸ੍ਰਵਣ ਜਿਆਨ ਮੈਂ ਗਰੰਥ।ਸੋ ਤਬ ਲਗ ਜਦ ਲਗਿ ਭਲੇ ਸਮਝੈ ਪੰਥ ਅਪੰਥ੨੭।**

ਹੇ ਜੀਵ ਗੁਰੂ ਆਖਦੇ ਹਨ ਕਿ ਵਿਸ਼ਿਆਂ ਦੀ ਵਾਸ਼ਨਾ ਛਡ ਕਰਕੇ ਮਨ ਮੇਂ ਕਰ ਗਰੰਥ ਜਿਨ੍ਹਾਂ ਵਿਚ ਗਿਆਨ ਦਾ ਨਿਰੂਪਨ ਹੈ ਮੈਂ ਤਾਂ ਕਾਕ ਦੇ ਗ੍ਰੰਥ ਹੀ ਮੁਖ ਸਮਝਣਾ ਹੈ ਕਿਉਂਕਿ ਮੈਂ ਸਾਰੇ ਇਹੋ ਪੜੇ ਹਨ ਸੋ ਜਿਨਾ ਚਿਰ ਇਹ ਗਰੰਥ ਨਹੀਂ ਓਨਾ ਚਿਰ ਭਲਾ ਬੁਰਾ ਰਸਤਾ ਨਹੀਂ ਜਾਣਦਾ ।

**ਪ੍ਰਾਪ ਛੀਨ ਤਪ ਦਾਨ ਬਲਿ ਹ੍ਰਿਦੇ ਸਾਂਤਿ ਗਤਿ ਦਾਗ ਸੋ ਅਧਿਕਾਰੀ ਗਿਆਨ ਕੋ ਭਯੋ ਮਨੁਛ ਬਹੁ ਭਾਗ।੨੮**

ਉਸਦੇ ਪਾਪ ਦੂਰ ਹੁੰਦੇ ਹਨ ਜੋ ਤਪ ਕਰੇ ਇਨਾਂ ਵਿਚ ਬਲੀ ਹੋਵੇ ਅਤੇ ਰਿਦੇ ਵਿਚ ਸ਼ਾਂਤੀ ਹੋਵੇ ਅਤੇ ਪਰੇਮ ਵਿਚ ਵੀ ਲਗਾ ਰਹੇ ਵਾ ਜਿਸਦੇ (ਰਾਗ) ਰਾਗ ਦਵੇਖ ਗਤ ਦੂਰ ਹੋ ਗਏ ਹਨ ਉਹ ਹੀ ਗਿਆਨ ਦਾ ਅਧਿਕਾਰੀ ਹੈ ਉਹ ਆਦਮੀ ਬੜੇ ਵਡੇ ਕਰਮਾਂ ਹੋਇਆ ਹੈ ।

**ਤਤਮਸੀ ਅਹੰਬ੍ਰਹਮਾ ਮਸੀ ਇਤਯਾਦਿਕ ਮਹਾਂ**

Sri Satguru Jagjit Singh Ji Elibrary NamdhariElibrary@gmail.com

**ਵਾਕ। ਗੁਰਮੁਖਿ ਸ੍ਰਵਣ ਕਰੇ ਭਲੇ ਸਾਰ ਅਸਾਰਹਿ ਤਾਕ ॥ ੨੯ ॥**

ਤਤਮਹੀ ਅਤੇ ਅਹਬ੍ਰਹਮ ਮਸੀ ਏਹੋ ਜੇਹੇ ਜੋ ਮਹਾਵਾਕ ਹਨ ਵੇਦਾਂ ਦੇ ਵਿਚ ਵਰਨਣ ਜੋ ਗੁਰਮੁਖ ਹੈ ਜਿਸਦਾ ਗੁਰਾਂ ਵਲ ਮੂੰਹ ਹੈ ਸੋ ਇਹਨਾਂ ਨੂੰ ਉਚਾਰਨ ਕਰੇ ਵ ਸੁਨੇ ਫਿਰ ਉਹ ਪੁਰਸ਼ ਸਾਰ ਅਤੇ ਆਸਾਰ ਦੀ ਸਮਝ ਵਾਲਾ ਹੋ ਜਾਂਦਾ ਹੈ ਬੁਰੇ ਭਲੇ ਨੂੰ ਪਛਾਣ ਜਾਂਦਾ ਹੈ ।੨੯।

**ਜਗ ਪ੍ਰਾਣੀ ਬਿਖੈ ਪਚਿਤ ਹੈ ਤਜੈ ਦੂਰ ਤਿਨ ਸੰਗ**
**ਬੈਠ ਇਕੰਤ ਸੁਤੰਤ੍ਰ ਹੈਵ ਕਰੇ ਮਨਨ ਸਰਬੰਗ ।੩੦।**

ਜਗਤ ਦੇ ਜੋ ਜੀਵ ਹਨ ਜੋ ਵਿਸ਼ਿਆਂ ਵਿਚ ਸੜਦੇ ਹਨ ਇਨ੍ਹਾਂ ਨੂੰ ਚਾਹੀਦਾ ਹੈ ਕਿ ਦੂਰੋਂ ਹੀ ਇਨ੍ਹਾਂ ਵਿਸ਼ਿਆਂ ਦਾ ਸਾਥ ਛਡਕੇ ਦੌੜ ਜਾਣ ਬੈਠਕੇ ਇਕੰਤ ਸੁਤੰਤਰ ਕਿਥੇ ਕਿਸੇ ਦੀ ਹੀਲ ਹੁਜਤ ਨਾ ਹੋਏ ਉਸ ਜਗਾ ਗੁਰਾਂ ਦੇ ਮਹਾਂਵਾਕ ਨੂੰ ਮੰਨਣਾ ਕਰੇ ਸਾਰਿਆਂ ਨੂੰ ।੩੦।

**ਨਿਤ ਪ੍ਰਤਿ ਕਰਤ ਬਿਚਾਰ ਕੌ ਬਿਰਤਾ ਪਾਵੇ ਚਿਤ**
**ਬੋਧ ਉਦੈ ਛਿਨ ਛਿਨ ਕਰੈ ਜਾਨਯੋ ਨਿਤ ਅਨਿਤ ।੩੧॥**

ਜੋ ਜੀਵ (ਸਦਾ ਹੀ ਸਤਸੰਗਤ ਵਾ ਭਜਨ ਦਾ ਵਿਚਾਰ ਕਰਦਾ ਰਹੇ ਤਾਂ ਉਸਦਾ ਮਨ ਇਸ ਤਤ ਹੋ ਜਾਂਦਾ ਹੈ ਫਿਰ ਗਿਆਨ ਉਸਦੇ ਛਿਨ ਛਿਨ ਪ੍ਰਗਟ ਹੁੰਦਾ ਹੈ ਅਤੇ ਜਾਣ ਲੈਂਦਾ ਹੈ ਨਿਤ ਵਸਤੂ ਈਸ਼ਵਰ ਨੂੰ ਅਤੇ ਅਨਿਤ ਸੰਸਾਰ ਵਾ ਜੀਵ ਨੂੰ ।੩੧।

**ਸੁਖ ਸਰੂਪ ਪ੍ਰਕਾਸ਼ ਮੈਂ ਕੁਛ ਪ੍ਰਵੇਸਤਾ ਹੋਇ।**
**ਸਾਧਨ ਪਾਈ ਪੌਢਤਾ ਨਿਧਾਯਾਸਨ ਕਹਿ ਸੋਇ ।੩੨।**

ਜੇ ਸੁਖ ਸਰੂਪ ਪ੍ਰਕਾਸ਼ ਹੈ ਸਵੈ ਸਰੂਪ ਇਸ ਵਿਚ ਕਛੂ ਵਾ ਜੇਕਰ ਪ੍ਰਵੇਸ਼ਤਾ ਹੋਵੇ ਤਾਂ ਅਨੰਦ ਹੁੰਦਾ ਹੈ ਸੰਤਾਂ ਨੇ ਇਸੀ ਵਾਸਤੇ ਪੌਢਤਾ ਇਸਤਤੀ ਪਾਈ ਹੈ ਕਿ ਸਾਧਨ ਸਰਵਨ ਮਨਨ ਨਿਧਿਆਸਨ ਕੀਤੇ ਹਨ।

**ਕਾਮਾਦਿਕ ਸਮਤਾ ਉਦੇ ਭਏ ਸੁ ਇਹ ਪ੍ਰਕਾਰ।**
**ਨਿਸ ਆਗਮ ਪ੍ਰਾਣੀ ਸਭੇ ਹੋਤ ਅਲਪ ਸਚਾਰ ।੩੩।**

ਕਾਮ ਕਰੋਧ ਲੋਭ ਮੋਹ ਇਤਿ ਆਦਿਕ ਰਿਦੇ ਵਿਚ ਐਸੇ ਪ੍ਰਗਟ ਹੁੰਦੇ ਹਨ

Sri Satguru Jagjit Singh Ji Elibrary NamdhariElibrary@gmail.com

ਜੈਸੇ ਰਾਤਰੀ ਦੇ ਪੇਣ ਕਰਕੇ ਜੀਵ ਸਾਰੇ ਇਕਠੇ ਹੁੰਦੇ ਹਨ ਅਲਪ ਸੰਚਾਰ ਇਕਠੇ ਹੋਣ ॥੩੩॥

**ਸਨੇ ਸਨੇ ਸਿਖ ਯਾਜਤਾ ਉਦੇ ਭਈ ਸਭ ਜਾਹਿ।**
**ਹੈਂ ਨਾਹੀ ਸੁਭ ਅਸੁਭ ਸੁਖ ਦੁਖ ਦਰ ਮੇ ਤਾਹਿ।੩੪।**

ਹੌਲੀ ਹੌਲੀ ਸਿਖਿਆਤਕਾਰ ਜਦੋਂ ਆਣ ਕਰਕੇ ਪ੍ਰਗਟ ਹੁੰਦੀ ਹੈ ਫਿਰ ਕੁਛ ਨਹੀਂ ਹੁੰਦਾ ਚੰਗਾ ਮੰਦਾ ਅਤੇ ਦੁਖ ਸੁਖ ਦੇਖਣਾ ਹੀ ਨਹੀਂ ਪਾਈਦਾ ਹੈ।

**ਚਲੀ ਪੂਤਰੀ ਲੋਣ ਕੀ ਥਾਹਿ ਸਿੰਧ ਕੀ ਲੇਣ।**
**ਅਨਥ ਆਪ ਆਪੇ ਭਈ ਪਲਟ ਕਹੇ ਕੋ ਬੈਣ।੩੫।**

ਚਲੀ ਹੈ ਲੂਣ ਦੀ ਪੁਤਲੀ ਸਮੁੰਦਰ ਹੀ ਹਾਥ ਲੈਣ ਵਾਸਤੇ ਵਾ ਗਈ ਸੀ ਕਵੀ ਜੀ ਆਖਦੇ ਹਨ ਜਦ ਪਾਨੀ ਵਿਚ ਗਈ ਤਾਂ ਆਪਣੇ ਆਪ ਦਾ ਰੂਪ ਛਡਕੇ ਜਲ ਰੂਪ ਹੋ ਗਈ ਫਿਰ ਪਲਟਕੇ ਕਿਆ ਕੋਈ ਆਖੇ।੩੫।

ਇਤਿ ਸ੍ਰੀ ਵਿਚਾਰਮਾਲਾ ਗਿਆਨ ਸਾਧਨ ਚਤੁਰਥੋ ਬਿਸਰਾਮ।੪।

# ਪੰਚਮ ਅਧਿਆਇ ਵਰਨੰਨ

## ਸਿਖ ਬਚਨ

**ਦੋਹਰਾ॥ ਸਾਧਨ ਗਯਾਨ ਲਹਯੋ ਭਲੇ ਭਗਵਾਨ ਤੁਮ ਪਰਸਾਦਿ। ਕਿਹਿ ਪ੍ਰਕਾਰ ਆਤਮ ਜਗਤ ਮੋ ਮਨ ਅਧਿਕ ਬਿਖਾਦ।੧।**

ਸਿਖ ਆਖਦਾ ਹੈ ਹੇ ਸਤਿਗੁਰੋ ਗਿਆਨ ਦੇ ਸਾਧਨ ਮੈਨੇ ਬੜੀ ਅਛੀ ਤਰ੍ਹਾਂ ਆਪ ਦੀ ਕ੍ਰਿਪਾ ਕਰਕੇ ਜਾਣੇ ਹਨ ਹੁਣ ਕਿਸ ਤਰ੍ਹਾਂ ਹੈ ਪ੍ਰਮਾਤਮਾ ਅਤੇ ਜਗਤ ਮੇਰੇ ਮਨ ਵਿਚ ਬਹੁਤ ਚਿੰਤਾ ਲਗੀ ਹੋਈ ਹੈ।੧।

Sri Satguru Jagjit Singh Ji Elibrary NamdhariElibrary@gmail.com

## ਸ੍ਰੀ ਗੁਰੋਵਾਚ ॥

**ਅਹੋ ਪੁਤ੍ਰ ਕੀਜੇ ਨਹੀ ਰੰਚਕ ਐਸਾ ਭਰਮੁ ॥ ਕਹਾ ਜਗਤ ਈਸਵਰ ਕਹਾ ਯਹ ਸਭ ਮਨ ਕੋ ਭਰਮ । ੨ ।**

ਸ੍ਰੀ ਗੁਰੂ ਜੀ ਆਖਦੇ ਹਨ ਹੇ ਬਚਾ ਸੁਣ ਏਹੋ ਜੇਹਾ ਕਦੀ ਭੀ ਨਹੀਂ ਭਰਮ ਥੋੜਾ ਜੇਹਾ ਕਰਨਾ ਚਾਹੀਦਾ ਜਗਤ ਕਿਆ ਹੈ ਅਤੇ ਈਸ਼ਵਰ ਹੈ ਏਹ ਸਾਰਾ ਮਨ ਦਾ ਭਰਮ ਹੈ ਲੋਕਾਂ ਨੂੰ ਵਾਦੀਆਂ ਨੇ ਝਗੜਾ ਮਾਰਿਆ ਹੋਇਆ ਹੈ ।੨।

**ਰਾਗ ਦ੍ਵੈਖ ਮਨੁ ਕੇ ਭਰਮ ਤੂੰ ਤੋ ਮਨ ਨਹੀ ਹੋਇ॥ ਨਿਰ ਵਿਕਲਪ ਵਿਆਪਕ ਅਮਰ ਸੁਖ ਸਰੂਪ ਤੂ ਸੋਇ ।੩।**

ਰਾਗ ਦਵੇਖ ਜਾਂ ਮਨ ਦੇ ਭਰਮ ਹਨ ਅਤੇ ਤੂੰ ਤੇ ਮਨ ਹੀ ਨਹੀਂ ਹੈ ਤੂੰ ਕੈਸਾ ਹੈਂ ਇਨ ਕਲਪਣਾ ਤੇ ਹੈਂ ਅਤੇ ਸਾਰੇ ਪੂਰਨ ਹੈਂ ਫਿਰ ਅਮਰ ਹੈਂ ਸੋ ਸਰੂਪ ਤੂੰ ਹੈਂ ਜੋ ਮੈਂ ਪਿਛੇ ਕਥਨ ਕੀਤਾ ਹੈ ।੩।

**ਜਗ ਤੋ ਮੈ ਤੂ ਜਗਤ ਮੈਯੋਂ ਲਹਿ ਤਜ ਹੰਕਾਰ । ਮੈਂ ਮੇਰੀ ਸੰਕਲਪ ਤਜਿ ਸਖਮ ਅਵਨਿ ਬਿਉਹਾਰ । ੪ ।**

ਜਗਤ ਤੇਰੇ ਵਿਚ ਤੂੰ ਜਗਤ ਵਿਚ ਇਸ ਤਰ੍ਹਾਂ ਦੇਖ ਅਤੇ ਹੰਕਾਰ ਨੂੰ ਛਡਦੇ ਅਤੇ ਮੈਂ ਤੇਰੀ ਏਹੋ ਜੇਹੇ ਸੰਕਲਪ ਵਿਕਲਪ ਛਡਦੇ [ਸਰਖ ਅਵਨਿ] ਸੁਖ ਸਰੂਪ ਹੋ ਕਰਕੇ ਧਰਤੀ ਪਿਆ ਪਿਆ ਫਿਰ ।੪।

**ਅਗਿਆਨ ਨੀਦ ਸੁਪਨੇ ਜਗਤ ਭਯੋ ਸੁਪਣ ਕਹੁ ਤ੍ਰਾਸ ॥ ਗਿਆਨ ਭਯੋ ਜਾਗਯੋ ਜਬੈ ਦ੍ਰਿਸ਼ਟਾ ਦ੍ਰਿਸ਼ਟਨ ਭਾਸ । ੫ ।**

ਜੈਸੇ ਅਗਿਆਨ ਕਰਕੇ ਸੁਤਿਆਂ ਪਿਆਂ ਸੁਫਨਾ ਸੁਖਦਾਈ ਵੀ ਹੁੰਦਾ ਹੈ ਅਤੇ ਦੁਖਦਾਈ ਵੀ ਹੋਂਦਾ ਹੈ ਪਰੰਤੂ ਜਦ ਗਿਆਨ ਹੋਇਆ ,ਭਾਵ ਜਾਗ ਆਈ ਤਾਂ ਝੂਠਾ ਸਚਾ ਸਭ ਕੁਛ ਨਜਰ ਆਂਵਦਾ ਹੈ ।੫।

**ਛੁਧਾ ਪਿਆਸ ਸ਼ੋਕ ਪੁਨ ਹਰਖ ਜਨਣ ਅਰੁ ਅੰਤ । ਏ ਖਟ ਉਰਮੀ ਧਰਮ ਤਨ ਆਤਮ ਰਹ ਅਨੰਤ । ੬ ।**

ਭੁਖ ਤੇਹ ਹਰਖ ਸੋਗ ਜਨਮ ਅਤੇ ਮਰਨ ਏਹ ਛੇ ਉਮਰੀ ਲੈਹਰਾਂ ਭਾਵ ਸਰੀਰ ਦਾ ਧਰਮ ਹੈ ਪ੍ਰਮਾਤਮਾ ਅਨੰਦ ਰਹਿੰਦਾ ।੬।

**ਜਨਮ ਅਸਤ ਅਰੁ ਵਿਰਧਿ ਪੁਨਿ ਬਿਪੁਰੰਣ ਛਯਭ੍ਰ ਨਾਸੁ ॥ ਖਟ ਥਿਕਾਰ ਏਹ ਦੇਹਕੇ ਆਤਮ ਸੁਯੰ ਪ੍ਰਕਾਸ ।੭**

ਜਨਮਾ ਅਸਤ ਪ੍ਰਗਟ ਹੋਣਾ ਅਤੇ ਫਿਰ ਵਧਣਾ ਵਿਰੂਪ ਹੋਣਾ ਬਿਪਰੁਣ ਬਦਲਣਾ ਭਾਵ ਭਰ ਜੋਬਨ ਫਿਰ ਛਡ ਬੁਢੇਪਾ ਆ ਜਾਣਾ ਫਿਰ ਤਨ ਨਾਸ ਹੋ ਜਾਣਾ ਇਹ ਛੀ ਵਿਕਾਰ ਦੇਹ ਨੂੰ ਹਨ ਅਤੇ ਆਤਮਾ ਸੁਤੇ ਪ੍ਰਕਾਸ਼ ।੭।

**ਚਿਦਾਕਾਸ ਅਬਿਧ ਅਮਲ ਸਾਂਤਿ ਏਕਤਰ ਰੂਪ । ਜਨਮ ਮਰਨ ਬਿਤ ਸੰਭਵੈ ਹੰਕਾਰ ਅਨੂਪ । ੮ ।**

ਚਿਦਾਕਸ ਚੇਤਨ ਵਿਆਪਕ ਦੀ ਨਿਆਂਈ ਅਦਵੈ ਦਵੈਤ ਤੇ ਰਹਿਤ ਫਿਰ ਨਿਰਮਲ ਸ਼ਾਂਤ (ਏਕ ਤਵ) ਇਹ ਤੇਰਾ ਹੀ ਸਰੂਪ ਹੈ ਜਨਮ ਅਤੇ ਮਰਨ ਕਿਸ ਪ੍ਰਕਾਰ ਇਸ ਵਿਚ ਬਣਦਾ ਹੈ ਅਤੇ ਕਿਥੋਂ ਹੰਕਾਰ ਬਣਦਾ ਹੈ ।੮।

**ਬਿਖੈ ਭੋਗ ਅਸਥਾਨ ਤਨ ਸਾਧਿਕ ਇੰਦ੍ਰੀ ਜੋਇ । ਆਹਿ ਭੋਗਤਾ ਬੁਧ ਮਨ ਤੂੰ ਨ ਚਤੁਸਟਾ ਹੋਇ । ੯ ।**

ਵਿਸਿਆਂ ਦਾ ਅਸਥਾਨ ਸਰੀਰ ਹੈ ਸਾਰਿਆਂ ਵਿਸ਼ਿਆਂ ਦਾ ਸਾਧਨ ਇੰਦਰੀ ਹੈ ਅਤੇ ਭਰੋਸਾ ਬੁਧ ਤੇ ਮਨ ਅਤੇ ਤੂੰ ਨਾ ਚਤੁਸਟਾ ਸਨ ਬੁਧ ਚਿਤ ਹੰਕਾਰ ਹੈ ਭਾਵ ਤੂੰ ਇਹ ਚਾਰੇ ਹੀ ਨਹੀਂ ਹੈਂ ॥੯।

**ਕਾਰਜ ਲਿੰਗ ਅਸਥੂਲ ਤਨ ਬੁਧਿ ਮਨ ਇੰਦਰੀ ਪਰਾਨ । ਏ ਜੜ ਤੋਹਿ ਲਏ ਨਹੀ ਤੂੰ ਚੇਤਨ ਪਰਮਾਨ।੧੦**

ਕਾਰਜ ਲਿੰਗ ਅਤੇ ਅਸਥੂਲ ਸਰੀਰ ਬੁਧ ਮਨ ਇੰਦਰੀ ਪਰਾਨ ਜਿਤਨੇ ਇਹ ਹਨ ਇਹ ਜੜ੍ਹ ਤੈਨੂੰ ਲੈ ਨਹੀਂ ਸਕਦੇ ਤੂੰ ਚੇਤੰਨ ਸਰੂਪ ਹੈ ਪ੍ਰਮਾਣ ਕਰ ਭਾਵ ਤੂੰ ਸਭ ਨਾਲੋਂ ਸਰੇਸ਼ਟ ਅਤੇ ਉਤ ਕ੍ਰਿਸ਼ਟ ਹੈਂ ।

**ਏਕ ਤੰਤ ਮੈਂ ਤ੍ਰਿਗੁਣਤਾ ਅਰਥ ਗ੍ਰਿਬ ਬਹੁ ਭਾਇ । ਤੈਸੇ ਸੁਧ ਸਰੂਪ ਮੈਂ ਨਾਥ ਜਗਤ ਦਰਸਾਇ । ੧੧ ।**

ਜੈਸੇ ਇਕ ਵਾਜੇ ਦੇ ਵਿਚ ਤਿੰਨ ਰਸੀਆਂ ਪਾਈਏ ਫਿਰ ਬਹੁਤ ਗੰਢਾਂ ਦੇ ਗੰਢ ਪਾਈਏ ਬਹੁਤ ਪ੍ਰਕਾਰ ਕਰਕੇ ਤੈਸੇ ਹੀ ਸੁਧ ਸਰੂਪ ਕਵੀ ਜੀ ਕਹਿੰਦੇ ਹਨ ਜਗਤ ਦਿਸਦਾ ਹੈ ।

Sri Satguru Jagjit Singh Ji Elibrary NamdhariElibrary@gmail.com

**ਬਸਨ ਪੁਤਰੀ ਬਸਨ ਮਯ ਨਾਨਾ ਅੰਗ ਅਨੂਪ ॥ ਏਕ ਤੰਤ ਬਿਨ ਨਹਿ ਦੀਓ ਜਉ ਸਭ ਸੁਧ ਸਰੂਪ । ੧੨ ।**

ਬਸਤਰਾਂ ਦੀ ਪੁਤਲੀ ਬਸਤਰਾਂ ਦੇ ਰੂਪ ਹੀ ਹੁੰਦੀ ਹੈ ਕਈ ਤਰ੍ਹਾਂ ਕਰਕੇ ਅੰਗ ਉਸਦੇ ਸੁੰਦਰ ਹਨ ਪਰ ਇਕ ਤੰਤ ਤਾਰਾਂ ਤੋਂ ਬਿਨਾਂ ਕੋਈ ਦੂਸਰਾ ਤੇ ਨਹੀਂ ਹੈ ਇਸ ਤਰ੍ਹਾਂ ਸਭ ਪ੍ਰਮੇਸ਼ਰ ਦਾ ਹੀ ਸਰੂਪ ਹੈ ।

**ਦੇਖ ਖਿਲੌਨਾ ਖਾਂਡ ਕੋ ਅਨੰਦ ਭਇਓ ਮਨਮਾਹਿ । ਚਾਹਿ ਕਰੀ ਜਬ ਬਸਤ ਕੀ ਤਬ ਲੈ ਹੈਵ ਜਾਹਿ ।੧੩।**

ਦੇਖ ਕਰਕੇ ਖਡਾਉਣਾ ਖੰਡ ਦਾ ਆਦਮੀ ਯਾ ਅਯਾਨਾ ਮਨ ਵਿਚ ਬੜਾ ਅਨੰਦ ਹੋਇਆ ਜਦੋਂ ਇਛਾ ਕੀਤੀ ਕਿ ਮੈਂ ਇਸਨੂੰ ਪਕੜਕੇ ਖਾਵਾਂ ਤਾਂ ਸਭ ਲਾਸ਼ ਹੋ ਜਾਂਦਾ ਹੈ ।੧੩।

**ਲਹਿਓ ਨ ਸੁਧ ਸਰੂਪ ਜਿਨਿ ਕਹਾਂ ਲਹਿਓ ਤਿਨ ਕੂਰ । ਸਾਖਾ ਦਲ ਸੀਚਤ ਰਹਿਓ ਯੋਂ ਨਹੀਂ ਸੀਚਿਉ ਮੂਰ ।੧੪।**

ਲਖਿਆ ਨਹੀਂ ਹੈ ਜਿਸ ਨੇ ਸੁਧ ਸਰੂਪ ਪ੍ਰਮਾਤਮਾਂ ਨੂੰ ਅਤੇ ਉਸ ਕੂੜੇ ਨੇ ਕਿਆ ਲਿਖਿਆ ਹੈ ਭਾਵ ਕੁਛ ਨਹੀਂ ਲਖਿਆ ਹੈ ਟਾਹਣੀਆਂ ਨੂੰ ਪਾਣੀ ਦੇਂਦਾ ਰਿਹਾ ਅਤੇ ਪਤਰਾਂ ਨੂੰ ਛੱਟੇ ਮਾਰਦਾ ਰਿਹਾ ਇਸ ਮੂਰਖ ਨੇ ਮੁਢ ਮੂਲ ਬ੍ਰਹਮ ਬੂਟੇ ਨੂੰ ਨਾ ਸਿੰਜਿਆ ਭਾਵ ਬੁਤਨੇ ਗੁਗੇ ਸੁਲਤਾਨ ਪੂਜਦਾ ਰਿਹਾ ਅਤੇ ਪਰਮੇਸ਼ਰ ਨੂੰ ਨਾ ਯਾਦ ਕੀਤਾ ।੧੪।

**ਜੈਸੇ ਸਾਂਚੇ ਮੈਂ ਪਰੇ ਹੋਤ ਕਨਕ ਬਹੁ ਅੰਗ । ਨਾਨਾ ਕਤ ਯੋਂ ਬ੍ਰਹਮ ਮਯ ਲੈ ਉਪਾਧ ਕੋ ਸੰਗ ।੧੫।**

ਜੈਸੇ ਸਚੇ ਦੇ ਵਿਚ ਪਿਆ ਹੋਇਆ ਸੋਨਾ ਬਹੁਤ ਰੰਗ ਦਾ ਹੋ ਜਾਂਦਾ ਹੈ ਭਾਵ ਕਈ ਪ੍ਰਕਾਰ ਦੇ ਗਹਣ ਬਣ ਜਾਂਦੇ ਹਨ ਇਸੀ ਤਰ੍ਹਾਂ ਨਾਨਾ ਪ੍ਰਕਾਰ ਕਰਕੇ ਬ੍ਰਹਮ ਸਰੂਪ ਜੋ ਹੈ ਲੈ ਕਰਕੇ ਉਪਾਧਕੇ ਸੰਗ ਪ੍ਰਤੀਤ ਹੋਂਦਾ ਹੈ ।੧੫।

**ਮ੍ਰਿਦੁ ਬਿਕਾਰ ਮ੍ਰਿਦੁ ਮਯ ਸਕਲ ਹਿਮ ਬਿਕਾਰ ਹਿਮ ਜਾਨ ॥ ਤੰਤ ਬਿਕਾਰ ਸੋ ਤੰਤ ਹੀ ਯੋਂ ਆਤਮ ਜਗ ਮਾਨ ।੧੬।**

ਮ੍ਰਿਦ ਮਿਟੀ ਕਾ ਬਿਕਾਰ ਬਨਾਵਟ ਦਾ ਕਾਰਜ ਭਾਂਡਾ ਟਿੰਡ ਪਿਆਲਾ ਤੌੜੀ ਆਦਿਕ ਹੈ ਸ਼ੋ ਮਿਟੀ ਦਾ ਸਰੂਪ ਹੀ ਹੈ ਸਾਰਾ ਅਤੇ ਹਿਮ ਸੋਨੇ ਦਾ ਬਿਕਾਰ-ਬਨਾਵਟ ਵਾ ਕਾਰਜ ਛਲਾ ਮੁੰਦਰੀ ਚੌਂਕ ਹੋਰ ਗਹਿਣੇ ਆਦਿਕ ਹਨ ਸੋ ਭੀ ਹਿਮ ਸੋਨਾਂ ਰੂਪੀ ਇਸੀ ਤਰ੍ਹਾਂ ਤੱਤ ਸੂਹ ਦਾ ਵਿਕਾਰ ਕਾਰਜ ਕੁਰਤਾ ਆਦਿਕ ਹੈ ਐਸੇ ਹੀ ਹਰੀ ਦਾ ਰੂਪ ਜਗ ਹੈ ।੧੬।

## ਦੇਖਯੋ ਰਜ ਮੈ ਸਰਪਤਾ ਠੂਠਿ ਰਸਤ ਬਿਚਾਰਿਓ ਸੁਕਤ ਮੈ ਆਯੋ ਮਨ ਲਲਚਾਇ ।੧੭।

ਰਜੂ ਵਿਚ ਸਰਪ ਦਾ ਭਰਮ ਹੋਇਆ ਤੇ (ਠੂਠਿ) ਲੰਡਾ ਛਾਂਗਿਆ ਹੋਇਆ ਬ੍ਰਿਛ ਰਾਤਰੀ ਨੂੰ ਚੋਰ ਯਾ ਦੈਂਤ ਦੀ ਤਰ੍ਹਾਂ ਉਜਾੜ ਵਿਚ ਦਿਸਦਾ ਹੈ ਰਜਤ ਰੁਪਾ ਵਿਚਾਰਿਓ ਸਿਪੀ ਵਿਚ ਦੇਖਕੇ ਲਾਲਚ ਕਰਕੇ ਦੌੜ ਕੇ ਲੈਣ ਵਾਸਤੇ ਆਇਆ ਤਾਂ ਅਗੇ ਕੁਝ ਵੀ ਨਾ ।੧੭।

## ਭਇਓ ਬਘੂਰਾ ਬਾਤ ਮੈ ਅਗਨਿ ਚਿਗਨ ਬਹੁ ਅੰਗ ਬੀਰਜ ਮੈ ਤਰਵਰ ਜਥਾ ਜਲ ਨਿਧਿ ਮਧਿ ਤਰੰਗ ।

ਜੈਸੇ ਜੋ ਬਾਤ ਪੌਣ ਦਾ ਵਾ ਵਰੋਲਾ ਹੈ ਸੋ ਪੌਣ ਦਾ ਰੂਪ ਹੈ ਅਗਿਨ ਦੀਆਂ ਚਿਨਗਾਂ ਅਗਨੀ ਦਾ ਰੂਪ ਹਨ ਜੈਸੇ ਬੀਜ ਵਿਚ ਬ੍ਰਿਖ ਹੋਂਦੇ ਹਨ ਇਕ ਹੀ ਰੂਪ ਜੈਸੇ ਜਲ ਨਿਧ ਸਮੁੰਦਰ ਵਿਚ ਤਰੰਗ ਹੋਂਦੇ ਹਨ ਜੋ ਜਲ ਰੂਪ ਹੀ ਹੋਂਦੇ ਹਨ ।।੧੮।।

## ਮਿਸਰੀ ਕੀ ਤੂਬੀ ਰਚੀ ਰੰਗ ਰੂਪਤਾ ਆਹਿ । ਖਾਣ ਲਗਿਓ ਜਬ ਭਰਮ ਤਦ ਸੋ ਤਦ ਕਰਵੀ ਨਾਹਿ ।੧੯।

ਮਿਸਰੀ ਦੀ ਤੂੰਬੀ ਬਨਾਈ ਵੈਸਾ ਹੀ ਉਸਦਾ ਰੰਗ ਰੂਪ ਬਨਾਇਆ ਜਦੋਂ ਭਰਮ ਛਡਕੇ ਉਸਨੂੰ ਜੀਵ ਖਾਣ ਲਗਾ ਤਾਂ ਸੋ ਓਹ ਕੌੜੀ ਨਾ ਨਿਕਲੀ ਭਾਵ ਤੂੰਬੀ ਕੌੜੀ ਹੋਂਦੀ ਹੈ ਪਰ ਜੀਵ ਨੇ ਵੀ ਆਖਿਆ ਏਹ ਮਿਸ਼ਰੀ ਤਾਂ ਨਹੀਂ ਪਰ ਜਦੋਂ ਖਾਣ ਲਗਾ ਤਾਂ ਮਿਠੀ ਭਈ ।੧੯।

## ਪਾਵਕ ਮੈ ਦੀਪਕ ਘਨੋ ਨਭ ਮੈ ਘਟੇ ਮਟ ਨਾਮ । ਨੀਰ ਮਾਝ ਓਰਾ ਭਏ ਯੋਂ ਜਗ ਆਤਮ ਰਾਮ ।੨੦।

ਜੈਸੇ ਅਗਨੀ ਵਿਚ ਬਹੁਤ ਦੀਵੇ ਹੋਂਦੇ ਹਨ ਭਾਵ ਅਗਨੀ ਨਾਲ ਜਿਤਨੇ ਮਰਜੀ ਦੀਵੇ ਜਗਾ ਲਈਏ ਇਸੀ ਤਰ੍ਹਾਂ ਹੀ ਤੇਰੇ ਵਿਚ ਜਗਤ ਹੈ ਜੋ ਮਟ ਸੁੰਦਰ

Sri Satguru Jagjit Singh Ji Elibrary NamdhariElibrary@gmail.com

ਦਾ ਜੋ ਅੰਦਰੋਂ ਖਾਲੀ ਹੋਂਦਾ ਹੈ ਉਸ ਦਾ ਨਾਮ ਘਟਾ ਅਕਾਸ਼ ਹੈ ਅਤੇ ਜੋ ਘੜੇ ਵਿਚ ਜਗ੍ਹਾ ਖਾਲੀ ਹੋਂਦੀ ਹੈ ਉਸ ਦਾ ਨਾਮ ਘਟਾ ਅਕਾਸ਼ ਹੈ ਜੈਸੇ ਜਲ ਦੇ ਰੁੜੇ ਜਲ ਦਾ ਰੂਪ ਹੋਂਦੇ ਹਨ ਪਹਿਲੇ ਸਰਦੀ ਨਾਲ ਭਈ ਫੇਰ ਗਰਮੀ ਨਾਲ ਜਲ ਹੋ ਗਿਆ ਇਸ ਤਰ੍ਹਾਂ ਜਗਤ ਹੈ ਤੇਰੇ ਵਿਚ।

**ਸਭ ਕਹੋਂ ਤੋਹੋ ਨਹੀ ਮਿਥਿਆ ਕਹੇ ਤੋ ਆਹਿ।**
**ਕਹਿ ਅਨਾਥ ਅਚਰਜ ਮਹਾਂ ਅਕਹਿ ਕਹੀਐ ਕਿਾਹ।੨੧।**

ਜੇਕਰ ਸਚਾ ਆਖੀਐ ਤਾਂ ਵੀ ਨਹੀਂ ਕਿਉਂਕਿ ਮਾਤਾ ਪਿਤਾ ਆਦਿਕ ਕਿਥੇ ਹਨ ਜੇਕਰ ਝੂਠ ਆਖੀਐ ਤਾਂ ਹੈ ਕਿਉਂਕਿ ਚਲਦਾ ਜਾਂਦਾ ਹੈ ਵਾ ਝੂਠ ਨਹੀਂ ਹੈ ਕਿਉਂਕਿ ਅਸੀਂ ਮਰ ਗਏ ਸਾਡੇ ਪਿਛੇ ਫਿਰ ਉਸੀ ਤਰਾਂ ਬਣਿਆ ਰਹਿੰਦਾ ਹੈ ਕਵੀ ਅਨਾਥ ਦਾਸ ਜੀ ਕਹਿੰਦੇ ਹਨ ਇਹ ਬੜਾ ਅਸਚਰਜ ਹੈ ਏਹ ਅਕਹਿ ਕਹਾਨ ਹੈ ਕਿਆ ਆਖੀਏ।

ਇਤਿ ਸ੍ਰੀ ਵਿਚਾਰਮਾਲਾ ਉਪਦੇਸ਼ ਪੰਚਮੋ ਬਿਸਰਾਮ ॥੫॥

# ਜਗਤ ਦਾ ਹਾਲ

## ਸਿਖ ਬਚਨ ॥ ਦੋਹਰਾ ॥

**ਭੋ ਭਗਵਾਨ ਮੋ ਮਨ ਭਯੋ ਸੰਸੈ ਦੇਹ ਨਿਹ ਨਿਵਾਰਿ। ਜਗ ਮਿਥਿਆ ਕਹਿ ਬਿਧ ਕਹਿਯੋ ਮੋ ਪ੍ਰਤਿ ਕਹੋ ਬਿਚਾਰ।੧।**

ਸਿਖ ਆਖਦਾ ਹੈ ਹੇ ਸਤਿਗੁਰੋ ਜੀ ਮੇਰੇ ਮਨ ਵਿਚ ਇਕ ਹੋਰ ਸੰਸਾ ਉਤਪੰਨ ਹੋ ਗਿਆ ਹੈ ਸੋ ਇਸ ਨੂੰ ਵੀ ਨਿਵਿਰਤ ਕਰ ਦਿਓ ਆਪਨੇ ਜਗਤ ਹੈ ਮਿਥਿਆ ਝੂਠਾ ਪਿਛਲੇ ਅਧਯਾਇ ਦੇ ਅੰਤ ਵਿਚ ਆਖਿਆ ਹੈ ਮੈਂ ਜੋ ਆਪ ਦਾ ਦਾਸ ਹਾਂ ਮੈਨੂੰ ਠੀਕ ਸਚ ਸਚ ਦਸੋ ਜੀ।੧।

Sri Satguru Jagjit Singh Ji Elibrary NamdhariElibrary@gmail.com

## ਜਗ ਮਿਥਿਆ ਭ੍ਰਸਾਵਤ ਹੈ।

## ਸ੍ਰੀ ਗੁਰੋਵਾਚ ॥ ਦੋਹਰਾ ॥

**ਸੀਤਲ ਜਲ ਮਿਗ ਤ੍ਰਿਸ਼ਨ ਕੋ ਗਗਨ ਕਮਲ ਕੀ ਬਾਸ। ਸੁੰਦਰ ਅਤਿ ਬੰਧਿਆ ਸੁਵਨ ਐਸੋ ਜਗਤ ਪ੍ਰਕਾਸ।**

ਸ੍ਰੀ ਗੁਰੂ ਜੀ ਜਗਤ ਝੂਠਾ ਦਸਦੇ ਹਨ ਹੇ ਪੁਤਰ ਸੀਤਲ ਜਗਤ ਮ੍ਰਿਗ ਤ੍ਰਿਸ਼ਨਾ ਦਾ ਏਹ ਵੀ ਆਕਾਸ਼ ਦੇ ਫਲ ਦੀ ਮਾਲਾ ਦੀ ਬਹੁਤ ਅਛੀ ਵਾਸ਼ਨਾ ਆਂਵਦੀ ਹੈ ਏਹ ਵੀ ਝੂਠੀ ਅਤੇ ਬੰਦਿਆ ਇਸਤਰੀ ਦਾ ਪੁਤਰ ਬੜਾ ਸੁੰਦਰ ਹੈ ਸਰਵਣ ਪੁਤਰ ਏਹ ਗਲ ਵੀ ਝੂਠੀ ਹੈ ਇਸੀ ਤਰ੍ਹਾਂ ਸਾਰੇ ਜਗਤ ਦਾ ਪ੍ਰਕਾਸ਼ ਜਾਣ ਲਏ ਭਾਵ ਸਭ ਝੂਠ ਹੈ।੨।

**ਜਿਉਂ ਨਭ ਮੈਂ ਕਲਪੀ ਘਨੀ ਪੁਤਰੀ ਬਿਬਧ ਅਨੇਕ ਕਰਤ ਜੁਧ ਅਤਕ੍ਰਧ ਜੁਧ ਐਸੇ ਜੁਧ ਬਿਬੇਕ।੩।**

ਹੋਰ ਦ੍ਰਿਸ਼ਟਾਂਤ—ਜੈਸੇ ਆਕਾਸ਼ ਵਿਚ ਕਲਪਨਾ ਕਰ ਲਈ ਬਹੁਤ ਸਾਰੀ ਪੁਤਲੀ ਅਨੇਕਾਂ ਪ੍ਰਕਾਰ ਦੀ ਨਾਨਾ ਪ੍ਰਕਾਰ ਕਰਕੇ ਜੰਗ ਗੁਸੇ ਨਾਲ ਕਰ ਰਹੀ ਹੈ ਐਸੇ ਹੇ ਪੁਤਰ ਇਸ ਜਗਤ ਨੂੰ ਬਿਬੇਕ ਜਾਣ।੩।

**ਅਨਾਥ ਸਵਪਨ ਕਾਹੂ ਨਹਿ ਦਿਸਨ ਬਿਖੇ ਭਰਮ ਹੋਇ। ਪੂਰਬ ਤਜਿ ਪਸਚਮਿ ਗਯੋ ਤਿਹ ਬਿਖਾਦ ਜੋਗਿ ਸੋਇ।੪।**

ਕਵੀ ਜੀ ਆਖਦੇ ਹਨ ਕਿ ਸੁਪਨਾ ਕਦੀ ਵੀ ਸਚਾ ਨਹੀਂ ਹੋਂਦਾ ਹੈ ਦਿਸਨ ਭਾਵੇਂ ਰਾਤ ਨੂੰ ਦਿਸ਼ਾ ਵਿਚ ਭਰਮਦਾ ਫਿਰੇ ਪੂਰਬ ਵਲੋਂ ਪਸਚਮ ਨੂੰ ਗਿਆ ਪਸਚਮ ਤੇ ਉਤਰ ਦਖਣ ਨੂੰ ਗਿਆ ਇਸੀ ਤਰ੍ਹਾਂ ਭਰਮਦਾ ਰਿਹਾ ਭੈ ਸਵਪਨ ਕਾਹੂ ਨ ਰਾਗ ਕਿਸੀ ਆਦਮੀ ਨੂੰ ਸੁਪਨਾ ਆਇਆ ਅਤੇ ਝੂਠਾ ਹੈ ਨਾ ਸੋ ਬਖਾਦ ਹੈ ਜਗਤ ਸੁਤੇ ਪਦੇ ਨੂੰ ਜਾਗੋ ਤੇ ਕੁਝ ਵੀ ਨਹੀਂ ਹੈ।੪।

**ਰਵਿ ਕੀ ਰਸਮ ਸੁਮੇਵ ਕੈ ਕਹੀ ਗਰੰਥ ਰੁਚਿ ਮਾਲ। ਪਹਿਰੈ ਬੰਧਿਆ ਕੋ ਸੁਵਨ ਸੋਭਾ ਬਨੀ ਬਿਸਾਲ।੫।**

ਸੂਰਜ ਦੀਆਂ ਕਿਰਨਾਂ ਇਕਠੀਆਂ ਕਰਕੇ ਗੁੰਦ ਕਰਕੇ ਇਕ ਮਾਲਾ ਸੁੰਦਰ

ਬਣਾਈ ਉਸਨੂੰ ਪਹਿਰੇ ਬੰਧਿਆ ਦਾ ਪੁਤਰ ਅਤੇ ਬੰਧਿਆ ਦੇ ਪੁਤਰ ਦੀ ਸੋਭਾ ਬੜੀ ਸੋਹਣੀ ਬਣੀ ਹੋਈ ਹੈ।੫।

**ਸਸੇ ਸੀਂਗ ਕੋ ਧਨਖ ਕਰ ਗਗਨ ਪੁਰਖ ਲੀਏ ਜਾਹਿ। ਦੇਖ ਮਾਲ ਲਾਲਚ ਲਗਯੋ ਪੁਨਿ ਪੁਨਿ ਮਾਂਗਤ ਤਾਹਿ ।੬।**

ਸਹੇ ਦੇ ਧਨਖ ਬਣਾ ਕਰਕੇ ਆਕਾਸ਼ ਵਿਚ ਆਦਮੀ ਦੌੜਦਾ ਜਾਂਦਾ ਹੈ ਓਹ ਮਾਲਾ ਆਕਾਸ਼ ਦੀ ਦੇਖ ਕੇ ਲਾਲਚ ਹੋ ਗਿਆ ਬਾਰ ਬਾਰ ਮੰਗਣ ਲਗਾ ਤਿਸ ਪਾਸੋਂ ।੬।

**ਵਹਿ ਮਾਂਗਤ ਵਹਿ ਦੇਤ ਨਹਿ ਬਢੀ ਪਰਸ ਪਰਰਾਰਿ। ਨਾ ਕੁਛ ਭਯੋ ਨਹੇ ਕਛੂ ਹੈ ਐਸੋ ਜਗਤ ਬਿਚਾਰ ।੭।**

ਓਹ ਮੰਗਦਾ ਹੈ ਉਹ ਦੇਂਦਾ ਨਹੀਂ ਹੈ ਆਪੋ ਵਿਚ ਦੀ ਲੜਾਈ ਵਧਾ ਲਈ ਹੈ ਇਸੀ ਤਰ੍ਹਾਂ ਜਗਤ ਨਾ ਕੁਛ ਹੈਗਾ ਸੀ ਨਾ ਕੁਛ ਹੋਵੇਗਾ ਨਾ ਕੁਛ ਹੈਗਾ ਹੈ ਐਵੇਂ ਹੀ ਆਪੋ ਦੇ ਵਿਚ ਲੜਾਈ ਪਾ ਲਈ ।੭।

**ਗਗਨ ਸਿੰਧ ਕੀ ਲਹਰ ਲੈ ਆਨ ਬਨਾਇਉ ਧਾਮ। ਐਸੇ ਪੂਰਨ ਬ੍ਰਹਮ ਮੇ ਦਖ ਜਗਤ ਅਭਿਰਾਮ ।੮।**

ਅਕਾਸ਼ ਵਿਚ ਸਮੁੰਦਰ ਦੀ ਲਹਿਰ ਲੈ ਕੇ ਘਰ ਬਣਾਇਆ ਹੈ ਐਸੇ ਹੀ ਪੂਰਨ ਬ੍ਰਹਮ ਵਿਚ ਦੇਖੋ ਜਗਤ ਨੂੰ ।੮।

**ਮ੍ਰਿਗ ਤ੍ਰਿਸਨਾ ਕੋ ਨੀਰ ਲੈ ਸੀਂਚਉ ਨਭ ਅੰਭੋਜ। ਤਾ ਸੁਗੰਧਤਾਈ ਸਰਦ ਆਹਿ ਜਗਤ ਯਹਿ ਖੋਜ ।੯।**

ਮ੍ਰਿਗ ਤ੍ਰਿਸ਼ਨਾ ਦਾ ਜਲ ਲੈ ਕਰਕੇ ਸਿੰਧਿਆ ਅਕਾਸ਼ ਵਿਚ ਪਰ ਅਕਾਸ਼ ਦੇ ਉਗੇ ਹੋਏ ਕਮਲ ਨੂੰ ਸਿੰਜਿਆ ਫਿਰ ਉਸ ਦੀ ਸੁਗੰਧੀ ਬੜੀ ਆਵਣ ਲਗੀ ਹੈ ਅਧਿਕ ਹੀ ਐਸੇ ਜਗਤ ਹੈ ਖੋਜ ਭਾਲਕੇ ਦੇਖ ਲੈ ।੯।

**ਸਿਖ ਬਚਨ ॥**

**ਜਗਤ ਜਗਤ ਸਭ ਕੋ ਕਰੈ ਅਰ ਪੁੰਨਿ ਦੇਖੀਐ ਨੈਨ। ਸੋ ਮਿਥਿਆ ਕਿਉਂ ਕਰਤ ਹੋ ਆਰਤ ਜਨ ਸੁਖ ਦੈਨ।**

Sri Satguru Jagjit Singh Ji Elibrary NamdhariElibrary@gmail.com

ਸਿਖ ਆਖਦਾ ਹੈ ਜਗਤ ਜਗਤ ਸਾਰੇ ਲੋਕ ਆਖਦੇ ਹਨ ਅਤੇ ਅਸੀਂ ਭੀ ਸਚਾ ਦੇਖਦੇ ਹਾਂ ਨੇਤਰਾਂ ਕਰਤੇ ਅਤੇ ਹੇ ਗੁਰੂ ਜੀ ਤੁਸੀਂ ਇਸਨੂੰ ਝੂਠਾ ਕਿਸ ਵਾਸਤੇ ਆਖਦੇ ਹੋ ਹੇ ਦੁਖੀਏ ਨੂੰ ਸੁਖ ਦੇਣ ਵਾਲੇ ।੧੦।

## ਸ੍ਰੀ ਗੁਰੋਵਾਚ ॥

**ਰਸੁ ਦੇਖਿ ਪ੍ਰਾਣੀ ਘਨੈ ਕਲਪੈ ਬਹੁਤ ਪਰਕਾਰ । ਕੋਈ ਰਜ ਕੋਈ ਸਰਪ ਕਹਿ ਕੋਈ ਕਹਿ ਪੁਹਿਮਿਦ ਰਾਰਿ ।**

ਸ੍ਰੀ ਗੁਰੂ ਜੀ ਆਖਦੇ ਹਨ ਕਿ ਹੇ ਸਿਖ ਰਜੂ ਦੇਖਕੇ ਬਹੁਤੇ ਜੀਵ ਕਲਪਣਾ ਕਰਦੇ ਹਨ ਬਹੁਤ ਪ੍ਰਕਾਰ ਕਰਕੇ ਕੋਈ ਰਜੂ ਆਖਦਾ ਹੈ ਕੋਈ ਸਰਪ ਆਖਦਾ ਹੈ ਕੋਈ ਧਰਤੀ ਦੀ ਤਰੇੜ ਆਖਦਾ ਹੈ ।੧੧।

**ਸਕਤ ਨਿਰਖ ਬਹੁ ਭੇਦ ਲੈ ਪ੍ਰਾਣੀ ਬਹੁਤੇ ਕਲਪੈ ਤਾਹਿ । ਕੋਈ ਭੰਡਾਰ ਕੋਈ ਰਜਤ ਕਹਿ ਕੋਈ ਕਾਗਰ ਆਹਿ ।੧੨।**

ਸੁਕਤ ਸਿਪੀ ਨੂੰ ਦੇਖਕੇ ਬਹੁਤ ਭੇਦ ਲਿਖਦੇ ਹਨ ਅਤੇ ਕਲਪਨਾ ਕਰਦੇ ਹਨ ਕੋਈ ਭੋਡਤ ਅਕਥਰ ਆਖਦਾ ਹੈ ਕੋਈ ਅਬਰਕ ਨਹੀਂ ਕਹਿੰਦਾ ਰੁਪਾ ਆਖਦਾ ਹੈ ਕੋਈ ਕਾਗਜ ਆਖਦਾ ਹੈ ।੧੨।

**ਪੂਰਨ ਅਦਵੈ ਆਤਮਾ ਅਭੈ ਅਚਲ ਅਪਾਰ।ਮਿਥਿਆ ਹੀ ਕਲਪੈ ਘਨੋ ਤਾਂਮੇ ਯਹਿ ਸੰਸਾਰ ।੧੩।**

ਪੂਰਨ ਜੋ ਦਵੈਤ ਤੇ ਰਹਿਤ ਪ੍ਰਮਾਤਮਾ ਹੈ ਨਿਜਰ ਹੈ ਅਚਲ ਹੈ ਬਹੁਤ ਹੀ ਝੂਠੀ ਕਲਪਨਾ ਕਰਦੇ ਹਨ ਬਹੁਤ ਸਾਰਾ ਲੋਕ ਵਿਚ ਇਸ ਝੂਠੇ ਸੰਸਾਰ ਨੂੰ ।

**ਆਨ ਭਿੰਨ ਨਹਿ ਤੋਇ ਬੁੰਦ ਬੂਦ ਫੇਨ ਤਰੰਗ । ਯਾ ਪ੍ਰਕਾਰ ਸੰਸਾਰ ਯਹਿ ਸੁਧ ਸਰੂਪ ਅਭੰਗ ।੧੪।**

ਜੈਸੇ ਕੋਈ ਵਖਰਾ ਨਹੀਂ ਹੈ ਬੁਦਬੁਦੇ ਨਾਲੋਂ ਜਲ ਅਤੇ ਝਗ ਅਤੇ ਤਰੰਗ ਵਖਰੇ ਨਹੀਂ ਹਨ ਇਸੀ ਪ੍ਰਕਾਰ ਦੇਹ ਸੰਸਾਰ ਹੈ ਸੁਧ ਸਰੂਪ ਪ੍ਰਮਾਤਮਾ ਦਾ ਰੂਪ ਇਕ ਰਸ ।੧੪।

**ਪੂਰਨ ਆਤਮ ਮੈ ਜਗਤ ਕੰਚਨ ਮੁਹਰ ਪ੍ਰਕਾਰ ॥ ਅਦਵੈ ਅਚਲ ਅਨੂਪ ਅਜ ਮੁੰਦਰਾਂ ਨਾਮ ਅਸਾਰ ।੧੫**

Sri Satguru Jagjit Singh Ji Elibrary NamdhariElibrary@gmail.com

ਪੂਰਨ ਪ੍ਰਮਾਤਮਾ ਵਿਚ ਇਹ ਗਤ ਐਸੇ ਹੈ ਜੈਸੇ ਸੋਨੇ ਵਿਚ ਮੋਹਰ ਹੁੰਦੀ ਹੈ। ਭਾਵ ਸੋਨੇ ਦਾ ਹੀ ਰੂਪ ਹੁੰਦੀ ਹੈ। ਮੋਹਰ ਦਵੈਤ ਤੇ ਰਹਿ ਹੈ ਅਟਲ ਹੈ।੧੫।

**ਕਾਸਟ ਮੈ ਰਹਟਾ ਭਯੋ ਰਹਟੈ ਮੈ ਭਯੋ ਫੇਰ। ਪਰਯੋ ਭੂਲਭਾ ਫੇਰ ਮੈ ਭਯੋ ਸੂਤ ਕੋ ਢੇਰ।੧੬।**

ਕਾਸਟ ਬ੍ਰਹਮ ਰਹਟਾ ਚਰਖਾ ਜੀਵ ਜਿਸ ਵਿਚੋਂ ਹੋਇਆ ਅਤੇ ਚਰਖੇ ਵਿਚੋਂ ਫੇਰ ਦਰਕਲਤਾ ਪੰਜ ਤਨ ਅਤੇ ਪੰਜਾਂ ਤਤਾਂ ਵਿਚ ਤੂੰ ਭੁਲ ਗਿਆ ਪੰਜ ਤਤ ਮਾਤਰ ਸਬਦ ਸਪਰਸ ਰੂਪ ਰਸ ਗੰਧ ਫਿਰ ਸੂਤ ਦਾ ਢੇਰ ਲਗ ਗਿਆ ਫਿਰ ਵਰ ਨਾ ਹੋਇਆ ਸੂਰਤ ਵਿਚ ਪੁਤਲੀਆਂ ਦਾ ਬਸਨ ਨਾਮ ਧਰਤੀ ਦਾ ਹੈ।੧੬।

**ਬਸਨ ਭਯੋ ਤਾ ਸੂਤ ਸੋ ਪੁਤਲੀ ਬਸਨ ਮਝਾਰ॥ ਆਪਸ ਮਹਿ ਪੁਤਰੀ ਸਭੈ ਕਰਤ ਪਰਸ ਪਰ ਰਾਹਿ।੧੭।**

ਪੁਤਲੀਆਂ ਦਾ ਜੋ ਵਸਨਾ ਸੂਰਤ ਵਿਚ ਹੋਇਆ ਜਗਤ ਵਿਚ ਆਪੋ ਵਿਚ ਦੀਆਂ ਸਾਰੀਆਂ ਆਪੋ ਵਿਚਦੀ ਲੜਦੀਆਂ ਹਨ।

**ਕਾਸਟ ਕੋ ਅਰ ਰਾਰ ਕੋ ਕਹੋ ਕਹਾਂ ਸਨਬੰਧ। ਤਨ ਬਿਕਾਰ ਯੋਂ ਬ੍ਰਹਮ ਮਹਿ ਕਲਪੇ ਪ੍ਰਾਣੀ ਅੰਧ।੧੮।**

ਦਸੋ ਖਾਂ ਬ੍ਰਹਮਾ ਤੇ ਲੜਾਈ ਆਪੋ ਵਿਚਦੀ ਕਿਆ ਹੈ ਭਾਵ ਜੀਵ ਦਾ ਤੇ ਬ੍ਰਹਮਾ ਦਾ ਕਿਆ ਸਬੰਧ ਹੈ ਤਨ ਦਾ ਵਿਚਾਰ ਕਾਰਜ ਇਸੀ ਤਰ੍ਹਾਂ ਬ੍ਰਹਮ ਵਿਚ ਕਲਪ ਦੇ ਹਨ ਜੀਵ ਅੰਨੇ ਬਹੁਤ ਸਾਰੇ।

**ਬ੍ਰਹਮ ਰਤਨ ਨਿਰਮੋਲ ਨਿਜ ਕਾਂਕੋ ਕ੍ਰਾਂਤ ਅਨਿਤ ਹੈ ਨਾਹੀ ਕਹਿ ਤਣ ਬਨੈ ਐਸੇ ਜਗ ਦਰਸੰਤ।੧੯।**

ਬ੍ਰਹਮਾ ਜੋ ਹੈ ਸੋ ਰਤਨ ਵਰਗਾ ਹੈ ਨਿਰਮੋਲਕ ਹੈ ਆਪਣੇ ਆਪ ਵਿਚ ਅਤੇ ਉਸ ਵਿਚ ਸੋਭਾ ਵੀ ਬਹੁਤ ਸਾਰੀ ਗਾਵੀ ਹੈ ਅਤੇ ਨਹੀਂ ਵੀ ਹੈ ਕੁਛ ਕਹਿਆ ਨਹੀਂ ਬਣਦਾ ਇਸ ਤਰ੍ਹਾਂ ਜਗਤ ਦਿਸ ਰਿਹਾ ਹੈ।

**ਕਹਿ ਅਨਾਥ ਕਾ ਸੋਂ ਕਹੋ ਆਦਿ ਮਧਿ ਅਰ ਅੰਤ। ਜਿਉਂ ਰਵਿ ਮਹਿ ਨਹੀ ਪਾਈਐ ਨਿਸ ਬਾਸਰ ਕੋ ਤੰਤ।੨੦**

ਕਵੀ ਜੀ ਕਹਿੰਦੇ ਹਨ ਮੈਂ ਕਿਸੇ ਨੂੰ ਕੀ ਆਖਾਂ ਇਸਦਾ ਆਦਿ ਮਧ ਅਤੇ ਅੰਤ ਜੈਸੇ ਸੂਰਜ ਵਿਚ ਨਹੀਂ ਪਾਈਦਾ ਰਾਤ ਦਿਨ ਦਾ ਤੰਤ ਭੇਦ।੨੦।

Sri Satguru Jagjit Singh Ji Elibrary NamdhariElibrary@gmail.com

# ਸਤਵਾਂ ਅਧਿਆਇ ਵਰਨਨ

## ਸਿਖ ਬਚਨ ਕਹਤ ਹੈ ॥

### ਦੋਹਰਾ ॥

**ਬਾਰੰਬਰ ਪਰਣਾਮ ਮਮ ਸ੍ਰੀ ਗੁਰ ਦੀਨ ਦਇਆਲ।**
**ਜਗਤ ਭਰਮ ਨਾਸਿਉ ਸਹਜ ਸੁਨ ਤਵ ਬਚਨ ਰਸਾਲ।੧**

ਸਿਖ ਆਖਦਾ ਹੈ ਹੇ ਸਤਿਗੁਰੋ ਆਪ ਨੂੰ ਬਾਰਨ ਬਾਰ ਮੇਰੀ ਨਮਸਕਾਰ ਹੋਵੇ ਤੁਸੀਂ ਗਰੀਬ ਉਪਰ ਕ੍ਰਿਪਾ ਦਾ ਘਰ ਹੋ ਜਗਤ ਦਾ ਭਰਮ ਤੇ ਸਹੀ ਹੀ ਦੂਰ ਹੋ ਗਿਆ ਹੈ ਆਪ ਦੇ ਬਚਨ ਮਿਠੇ ਸੁਣ ਕਰਕੇ ।੧।

**ਭੌ ਭਗਵਾਨ ਤਮ ਮਯਾ ਤੇ ਭਇਉ ਬਿਗਤ ਸੰਦੇਹ**
**ਸੁਧ ਸਰੂਪ ਲਹਿਉ ਭਲੇ ਬਿਨਸਿਉ ਦੇਹ ਅਦੇਹ ।੨।**

ਹੇ ਸਤਿਗੁਰੋ ਆਪ ਦੀ ਕ੍ਰਿਪਾ ਕਰਕੇ ਮੈਂ ਹੋਵਿਆ ਹਾਂ [ਬਿਗਤ ਸੰਦੇਹ] ਰਹਤ ਸੰਧਿਆ ਤੋਂ ਸੁਧ ਕਰੂਪ ਨੂੰ ਮੈਂ ਲਖ ਲਿਆ ਅਛੀ ਤਰ੍ਹਾਂ ਦੇਹ ਅਦੇਹ ਵੀ ਦੂਰ ਹੋਇਆ ।੨।

**ਅਗ ਤਗ ਸੁਭ ਅਸੁਭ ਨਹਿ ਨਹਿ ਈਸਵਰ ਨਹਿ ਜੀਵ। ਸਤ ਝੂਠ ਮੋ ਮੈ ਨਹੀ ਅਮਲ ਸਮਲ ਤ੍ਰਿਯ ਪੀਵ।੩।**

ਇਹ ਕੁਛ ਨਹੀਂ ਕਿਹਾ ਜਾਂਦਾ ਹੇ ਅਗਿਆਨੀ ਅਤੇ ਤਤਵੇਤਾ ਚੰਗਾ ਮੰਦਾ ਨਹੀਂ ਕਿਹਾ ਜਾਂਦਾ। ਜੀਵ ਈਸ਼ਵਰ ਭੀ ਨਹੀਂ ਕਿਹਾ ਜਾਂਦਾ ਹੈ। ਸਤ ਝੂਠ ਵੀ ਮੇਰੇ ਵਿਚ ਨਹੀਂ ਹੈ ਸਹਿਤ ਮਾਲ ਨੇ ਅਤੇ ਰਚਤ ਮਲਦੇ ਨਹੀਂ ਇਸਤਰੀ ਵੀ ਨਹੀਂ ਵ ਨਹੀਂ ਹੈ ।੩

**ਆਸਰਮ ਬਰਨ ਨ ਦੇਵ ਨਹਿ ਗੁਰ ਸਿਖ ਧਰਮ ਨ ਪਾਪ। ਪੂਰਣ ਆਤਮ ਏਕ ਰਸ ਨਹਿ ਘਟ ਬਧ ਮਾਪ ਅਮਾਪ ।੪।**

Sri Satguru Jagjit Singh Ji Elibrary NamdhariElibrary@gmail.com

ਚਾਰ ਬਰਨ ਚਾਰ ਆਸ਼ਰਮ ਵੀ ਨੰਚ ਦੇਵ ਵੀ ਨਹੀਂ ਹੈ ਗੁਰਸਿਖ ਧਰਮ ਪਾਪ ਨਹੀ ਹੈ। ਪੂਰਨ ਆਤਮਾ ਪ੍ਰਮਾਤਮਾ ਹੀ ਹੈ ਇਕ ਰਸ ਹੋਰ ਘਟ ਵਧ ਨਹੀਂ ਮਿਣਿਆ ਨਹੀ ਅਮਿਣਿਆ ਨਹੀਂ।੪।

**ਮਨ ਬੁਧਿ ਇੰਦ੍ਰੀ ਪਰਾਨ ਨਹਿ ਪੰਚ ਭੂਤ ਹਉ ਨਾਹਿ। ਗਿਆਤਾ ਗਿਆਨ ਨ ਗੇਯ ਕਛੁ ਨਹਿ ਸਬਹੂੰ ਸਬਮਾਹਿ।੫।**

ਮਨ ਬੁਧ ਇੰਦ੍ਰੀ ਪਾਨ ਵੀ ਨਹੀਂ। ਪੰਜ ਤਤ ਵੀ ਨਾਹੀਂ। ਗਿਆਤਾ ਜਾਨਣ ਵਾਲਾ ਵੀ ਨਹੀਂ ਹੈ। ਗਿਆਨ ਜਿਸਨੂੰ ਜਾਨਣਾ ਉਹ ਵੀ ਨਹੀਂ ਕੁਛ ਵੀ ਨਹੀਂ ਹੈ ਸਾਰਿਆਂ ਵਿਚ ਮੈਂ ਹਾਂ।੫।

**ਸੋਰਠਾ॥ ਮੈ ਚੈਤੰਨ ਸਰੂਪ ਇੰਦ੍ਰ ਜਾਲ ਵਤਿ ਜਗਤਿ ਯਹੇ। ਮੈ ਤੂੰ ਕਥਾ ਅਨੂਪ ਯਹਿ ਵਹਿ ਕਹਿ ਕਤ ਸੰਭਾਵੈ।੬।**

ਮੈਂ ਜੋ ਚੇਤੰਨ ਦਾ ਸਰੂਪ ਹਾਂ ਇਹ ਉਹ ਵੋਹ ਕਿਥੇ ਬਣ ਸਕਦਾ ਹੈ ਅਤੇ ਜਗਤ ਤਾਂ ਇੰਦਰ. ਜਾਲ ਹੈ ਭਾਵ ਨਾਸ਼ਵੰਤ ਹੈ ਸਭ ਰਿਖੀ ਮੁਨੀ ਆਖਦੇ ਆਂਦਦੇ ਹਨ ਤੇ ਮੈਂ ਤੂੰ ਜੋ ਹੈ ਸੋ ਕਥਾ ਸੁੰਦਰ ਹੈ।੬।

**ਦੋਹਰਾ॥ ਦੇਹੀ ਦੇਹ ਨ ਹੌਂ ਕਛੂ ਮੁਕਤਿ ਬੰਧ ਨਹਿ ਹੋਇ। ਜਤੀ ਨ ਬਿਖਈ ਤਪ ਅਤਪ ਨਾ ਹੈ ਏਕ ਨ ਦੋਇ।੭।**

ਨਾ ਦੇਹੀ ਨਾ ਦੇਹ ਦੇਣ ਵਾਲਾ ਜੀਵ ਕੁਛ ਨਹੀਂ ਮੁਕਤੀ ਬੰਧਨ ਵੀ ਨਾਹੀ ਹੈ ਜਤੀ ਵਸ਼ਈ ਨਹੀਂ ਹੈ ਤਪ ਕਰਨਾ ਤੇ ਤਪ ਕਰਨ ਵਾਲਾ ਵੀ ਨਾਹੀਂ ਇਕ ਦੋ ਵੀ ਨਹੀਂ ਹਨ।੭।

**ਪੂਰਬ ਪਸਚਮ ਉਧਰ ਅਧ ਉਤਰ ਦਛਨ ਨਾਹਿ॥ ਲਘੁ ਦੀਰਘ ਨਿਆਰੇ ਮਿਲਯੋ ਨਹਿ ਬਾਹਰ ਰਿਦਾਹਿ।੮।**

ਪੂਰਬ ਪਛਮ ਉਰ ਨਿਵਾਨ ਉਤਰ ਕਖਣ ਕੁਛ ਨਹੀਂ। ਛੋਟਾ ਵਡਾਂ ਨਹੀਂ ਹੈ। ਵਖਰਾ ਨੇਹੀਂ ਮਿਲਿਆ ਨਹੀਂ ਬਾਹਰ ਨਾ ਹੀ ਵਿਚ।੮।

**ਨਹ ਉਤਪਤਿ ਨਹਿ ਬ੍ਰਿਧ ਲਯ ਰੂਪ ਰੰਗ ਰਸ ਭੇਦ।**
**ਨਾਹਿ ਜੋਗੀ ਭੋਗੀ ਨਹੀਂ ਨਹਿ ਇਸਥਿਰ ਨਾ ਖੇਦ ।੯।**

ਨਾ ਉਤਪਤ ਪ੍ਰਗਟਾਹੀ ਨਾ ਵਾਧਾ ਨਾ ਨਾਸ ਹੈ ਨਾ ਰੂਪ ਨਾ ਰੰਗ ਨਾ ਰਸਦਾ ਭੇਦ ਕੋਈ ਨਾ ਜੋਗੀ ਨਾ ਭੋਗੀ ਹੈ ਨਾ ਇਸਤਤ ਸੁਖ ਹੈ ਨਾ ਖੇਦ ਦੁਖ ।੯।

**ਮਲਨ ਨੈਨ ਕਰਿ ਦੇਖੀਏ ਸਵ ਕਛੁ ਸਭ ਹੀ ਭਾਇ।**
**ਅਮਲ ਦ੍ਰਿਸਟਿ ਜਬ ਰਵਿ ਲਹਓ ਤਬ ਰਵ ਹੀ ਦਰਸਾਇ੧੦**

ਮਲਨ ਨੇਤਰ ਕਰਕੇ ਦੇਖੀਏ ਤਾਂ ਸਭ ਕੁਛ ਇਕੋ ਜਿਹਾ ਦਿਸਦਾ ਹੈ। ਜਦ ਸੂਰਜ ਚੜ੍ਹਦਾ ਹੈ ਤਾਂ ਚਾਨਣ ਹੁੰਦਾ ਹੈ ਤਦੋਂ ਚਾਨਣ ਸੂਰਜ ਦੇ ਪ੍ਰਤਾਪ ਸਭ ਕੁਛ ਨਿਰਮਲ ਦ੍ਰਿਸ਼ਟ ਨਜ਼ਰ ਆਂਵਦਾ ਹੈ ।੧੦।

**ਊਚ ਨੀਚ ਨਿਰਗੁਣ ਗੁਣੀ ਰੰਕ ਨਾਥ ਅਰੁ ਭੂਪ ॥**
**ਹੌਂ ਘਟ ਬਧਿ ਕਾਸੋਂ ਕਹੋਂ ਸਭ ਅਨੰਦ ਸਰੂਪ ।੧੧।**

ਨਾ ਊਚ ਨਾ ਨੀਚ ਨਾ ਨਿਗੁਣੀ ਨਾ ਗੁਣੀ ਨਾ ਕੰਗਾਲ ਨਾ ਰਾਜਾ ਮੈਂ ਘਟ ਵਧ ਕਿਸਨੂੰ ਆਖਾਂ ਸਭ ਅਨੰਦ ਸਰੂਪ ਹੈ ਜਿਤਨਾ ਦੇਖ ਰਹਿਆ ਹਾਂ ।੧੧।

**ਮਨਉਨ ਮੇਖ ਜਗਤ ਭਯੋ ਬਿਨਉਨ ਮੇਖ ਨਸਾਹਿ।**
**ਕਹੋ ਜਗਤ ਕਿਤ ਸੰਭਵੈ ਮਨ ਹੀ ਜਹਾਂ ਬਿਲਾਇ।**

ਮਨ ਦੇ ਉਨ ਮੇਖ (ਫੁਰਨੇ) ਤੇ ਸਾਰਾ ਜਗਤ ਹੋਇਆ ਹੈ ਤੇ ਬਿਨਾਂ ਫੁਰਨੇ ਤੋਂ ਨਾਸ ਹੋ ਜਾਵੇਗਾ ਭਲਾ ਦਸੋ ਖਾਂ ਜਗਤ ਕੈਸੇ ਬਣ ਸਕੇਗਾ ਜਿਥੇ ਮਨ ਦਾ ਫੁਰਨਾ ਹੀ ਨਹੀਂ ਜੈਸੇ ਸੁਖੋਪਤ ਵਿਚ ਮਨ ਨਹੀਂ ਹੈ ਤੇ ਜਗਤ ਵੀ ਨਹੀਂ ਹੈ।

**ਨਹਿ ਕਾਰਨ ਨਹਿ ਕਾਰਜ ਕਛੁ ਨਹਿ ਕਾਲ ਨਹਿ ਦੇਸ**
**ਸਿਵ ਸਰੂਪ ਪੂਰਣ ਅਚਲ ਸਜਾਤਿ ਵਿਜਾਤਿ ਨ ਲੇਸ।**

ਮੇਰੇ ਬ੍ਰਿਹਮ ਰੂਪ ਆਤਮਾ ਵਿਚ ਨਾ ਕਾਰਨ ਹੈ ਨਾ ਕਾਰਜ ਨਾ ਕਾਲ ਨਾ ਦੇਸ਼ ਹੈ। ਆਪੇ ਹੀ ਆਪ ਕਲਿਆਣ ਸ਼ਿਵ ਸਰੂਪ ਪੂਰਨ ਹੈ ਸਾਰਿਆਂ ਵਿਚ ਅਚਲ ਆਤਮਾ ਹੈ ਸਜਾਤਿ ਅਰ ਵਿਜਾਤਿ ਆਦਿ ਭੇਤਾਂ ਤੋਂ ਪਰੇ ਹੈ।

**ਏਕ ਹੂ ਕਹ ਬਨੈ ਨਹੀਂ ਦੋਇ ਕਹੌਂ ਕਿਹਿ ਭਾਇ।**
**ਪੂਰਣ ਰੂਪ ਬਿਹਾਯਸੀ ਘਟ ਬਢ ਕਹਿਯੋ ਨ ਜਾਇ ।੧੪।**

ਬ੍ਰਹਮ ਵਿਚ ਇਕ ਆਖਿਆ ਭੀ ਨਹੀਂ ਬਣਦਾ ਹਦੋ ਵੀ ਨਹੀਂ ਆਖੇ ਜਾਂਦੇ ਹਨ ਕਿਸ ਤਰ੍ਹਾਂ ਆਖੀਏ ਸਭ ਵਿਚ ਪੂਰਨ ਰੂਪ ਹੈ ਘਟ ਵਧ ਵੀ ਕਹਿਆ ਨਹੀਂ ਜਾਂਦਾ ।੧੪।

**ਵਿਸਵ ਨ ਤੈਜਸ ਪ੍ਰਾਗਯ ਕਛੁ ਨਹਿ ਤੁਰੀਆ ਤਾ ਮਾਹਿ**
**ਸੋ ਸ੍ਵਰੂਪ ਨਿਜ ਗਿਆਨ ਘਨ ਮੈਂ ਤੂੰ ਬਿਬ ਭਿਹ ਨਾਹਿ।**

ਬ੍ਰਿਹਮ ਵਿਚ ਵਿਸ਼ਵ (ਜਾਗਰਤ) ਭੀ ਨਹੀਂ ਹੈ ਤੇ ਜਸ [ਸੁਪਨ] ਵਿਚ ਵੀ ਨਹੀਂ ਪ੍ਰਾਗ [ਸੁਖ਼ੋਪਤ] ਵੀ ਨਹੀਂ ਚੌਥੀ ਅਵਸਥਾ ਤੁਰੀਆ ਵੀ ਨਾਹੀ ਸੋ ਸਵਰੂਪ ਨਿਜ ਗਿਆਨ ਘਨ ਹੀ ਹੈ ਮੈਂ ਔਰ ਤੂੰ ਵਿਵਾਦ ਹੈ ਜਿਸ ਵਿਚ ਹੈ ਹੀ ਨਹੀਂ।

[ਅਬ ਉਕਤ ਅਰਥ ਮੈਂ ਸ਼ੰਕਾ ਕੋ ਕਹਿੰਦੇ ਹਾਂ]

**ਜਾਗਤ ਸ੍ਵਪਨ ਸੁਖੋਪਤਿ ਕੇ ਅਭਿਮਾਨੀ ਜੋ ਆਹਿ।**
**ਜੋ ਸਬਕੋ ਅਨੁਭਵ ਕਰੈ ਸ਼ਿਵ ਸ੍ਵਰੂਪ ਕਹਿ ਤਾਹਿ ।੧੬।**

ਜਾਗ੍ਰਤ ਸੁਪਨ ਸੁਖੋਪਤ ਅਵਸਥਾ ਦੇ ਅਭਿਮਾਨੀ ਵਿਸ਼ਵ ਤੈਜਸ ਅਤੇ ਪ੍ਰਿਾਗਯ ਜੀਵ ਹਨ ਸਭ ਦਾ ਜ ਪ੍ਰਕਾਸ਼ ਕਰਨੇ ਵਾਲਾ ਹੈ ਤਿਸ ਕੋ ਸ਼ਾਸ਼ਤਰੋਂ ਵਿਚ ਸ਼ਿਵ ਸਰੂਪ ਕਿਹਾ ਹੈ ।

**ਸਾਧਨ ਸਾਧਯ ਕਛੂ ਨਾਹੀ ਨਾਸ ਸਿਧਿ ਨਹਿ ਕੋਯ।**
**ਪ੍ਰਮਾਣ ਪ੍ਰਮਾਤਾ ਕੋ ਕਹੈ ਅਨਾਥ ਪ੍ਰਮੇਯ ਨ ਹੋਯ ।੧੭।**

ਕਵੀ ਅਨਾਥ ਦਾਸ ਜੀ ਕਹਿੰਦੇ ਹਨ ਬ੍ਰਿਹਮ ਵਿਚ ਨਾਹੀਂ ਸਾਧਨ ਨਹੀਂ ਸਾਧਨ ਕਰਨ ਵਾਲਾ ਹੀ ਨਹੀਂ ਨਾਥ ਹੈ ਤੇ ਨਾਹੀਂ ਸਿਧੀ ਹੈ ਪ੍ਰਮਾਣ ਪ੍ਰਮਾਤਾ ਇੰਦਰੇ ਤੇ ਅੰਤਰ ਪ੍ਰਮੇਹ ਪਦਾਰਥ ਵੀ ਨਹੀਂ।

**ਸ਼ਾਸਤ ਸ਼ਾਸਤ੍ਰ ਕੋ ਨਹੀਂ ਨਹਿ ਭਿਛਕ ਨਹਿ ਦਾਨ। ਦੇਸ਼ ਨ ਕਾਲ ਨ ਬਸਤੁ ਗੁਣ ਵਾਦੀ ਵਾਦ ਨ ਹਾਣ ।੧੮।**

ਉਪਦੇਸ਼ੀ ਸ਼ਾਸਤਰ ਵਾਲਾ ਅਤੇ ਸ਼ਾਸਤਰ ਵੀ ਨਹੀਂ ਹੈ ਨਾ ਮੰਗਤਾ ਹੈ ਤੇ ਨਾ ਦਾਨੀ। ਦੇਸ ਕਾਲ ਤੇ ਵਸਤੂ ਗੁਣ ਵੀ ਨਾਹੀਂ ਨਾ ਵਾਦ ਨਾ ਵਿਵਾਦ ਦਾ ਹਾਨ ਹੈ ।

**ਬਿਧਿ ਨਿਖੇਧ ਨਹਿ ਥਪ ਅਥਪ ਨਹਿ ਪ੍ਰਭ ਨਾਹਿ ਕੋ**
**ਦਾਸ ਕੇਵਲ ਸ਼ੁਧ ਸ੍ਵਰੂਪ ਹੌਂ ਪੂਰਣ ਸੁਤਹਿ ਪ੍ਰਕਾਸ਼ ।੧੯।**

Sri Satguru Jagjit Singh Ji Elibrary NamdhariElibrary@gmail.com

ਬ੍ਰਹਮ ਵਿਚ ਨਾ ਮੇਲ ਹੈ ਤੇ ਨਾ ਜੁਦਾਈ ਹੈ ਨਾ ਤਪ ਨਾ ਅਤਾਪ ਹੈ ਨਾ ਸਵਾਮੀ ਤੇ ਠਾਕਰ । ਮੈਂ ਕੇਵਲ ਸ਼ੁਧ ਸਰੂਪ ਸਰਬ ਵਿਆਪੀ ਆਪੇ ਹੀ ਪ੍ਰਕਾਸ਼ ਸਰੂਪ ਹਾਂ ।

**ਸੋਰਠਾ ॥**

**ਧਿਆਤਾ ਧਿਆਨ ਨ ਧਿਯੇਯ ਮਮ ਨਿਜ ਸੁਧ ਸਰੂਪ ਮੇ ।**
**ਉਪਾਦੇ ਨਹਿ ਹੇਯ ਸਰਬ ਰੂਪ ਸਭ ਤੇ ਪਰੇ ।੨੦।**

ਧਿਆਤਾ ਧਿਆਨ ਕਰਨ ਵਾਲਾ ਧਿਆਨ ਕਰਨ ਹੋਇਆ ਜਿਸ ਦਾ ਧਿਆਨ ਕਰਨਾ ਹੋਵੇ ਮੇਰੇ ਸ਼ੁਧ ਸਰੂਪ ਵਿਚ ਉਪਾਦ ਨਹੀਂ ਹੈ ਸਾਰਿਆਂ ਦਾ ਰੂਪ ਹੂ ਸਾਰਿਆਂ ਤੋਂ ਪਰੇ ਹੂ ।

**ਦੋਹਰਾ ।**

**ਕਹਿਯੋ ਸਿਖ ਅਨੁਭਵ ਸਬੇ ਰਹਿਯੋ ਮੋਨ ਗਹਿ ਸੋਇ।**
**ਬੋਲੇ ਦਾਸ ਅਨਾਥ ਅਰਿ ਸੁ ਗੁਰ ਸਿਖ ਤਨ ਜੋਇ ।੨੧।**

ਆਖਿਆ ਹੈ ਸਿਖ ਨੂੰ ਅਨੁਭਵ ਸਾਰਾ ਇਸ ਵਾਸਤੇ ਚੁਪ ਕਰ ਗਿਆ ਹੈ ਕਵੀ ਜੀ ਕਹਿੰਦੇ ਹਨ ਸਰੇਸ਼ਟ ਗੁਰੂ ਦੇ ਸਰੀਰ ਵਲ ਦੇਖਦਾ ਹੈ ।੨੧।

**॥ ਇਤਿ ਸ੍ਰੀ ਵਿਚਾਰ ਮਾਲਾ ਅਨਭਵ ਸਪਤਮੋ ਬਿਸਰਾਮ ॥**

‡‡‡

# ਅਬ ਅਠਵਾਂ ਅਧਿਆਇ ਵਰਨੰਨ

## ਗੁਰ ਪ੍ਰੀਛਾ ਕਹਿਤ ਹੈਂ ॥

**ਦੋਹਰਾ ॥**

**ਅਨਭਵ ਅੰਮ੍ਰਿਤ ਸਿਖ ਕੇ ਉਦ ਭਯੋ ਚਿਤਰੈਨ ॥**
**ਲੈਨ ਪਰੀਛਾ ਕੋ ਕਹੇ ਗੁਰੂ ਕਰਣਾ ਰਸ ਬੈਨ ॥**

ਅਬ ਗੁਰੂ ਇਸਤਤੀ ਗਿਆਨਵਾਨ ਆਖਦੇ ਹਨ ਗਿਆਨ ਹੋਇਆ ਜਦ ਸਿਖ

Sri Satguru Jagjit Singh Ji Elibrary NamdhariElibrary@gmail.com

ਨੂੰ ਉਦੇ ਪ੍ਰਗਟਾ ਅੰਮ੍ਰਿਤ ਦੇ ਪਾਠ ਕਰਨ ਜਯੋਂ ਅਨੰਦ ਹੁੰਦਾ ਹੈ ਅਗਿਆਨ ਦੇ ਲੰਣਾ ਚਾਹੇ ਗੁਰੂ ਵੀ ਕਰਨਾ ਰਸ ਨਾਲ ਭਿੰਨੇ ਹੋਏ ਬਚਨ ਆਖਦੇ ਹਨ ।੧।

**ਪਰੀਛਾ ਨਿਜ ਬਿਗਿਆਨ ਕੀ ਲੇਤ ਖੰਡ ਬਿਉਹਾਰ।**
**ਅਬ ਬ੍ਰਿਤ ਆਤਮਵਾਨ ਕੀ ਉਪਦੇਸਤ ਨਿਰਧਾਰ ।੨।**

ਇਸਤਤੀ ਆਪਣੇ ਗਿਆਨ ਦੀ ਲੇਣ ਵਾਸਤੇ ਤੇ ਵਿਵਾਹ ਹੀ ਖੰਡਨ ਕਰਨ ਵਾਸਤੇ ਹੁਣ ਇਸਤਰੀ ਗਿਆਨਵਾਨ ਦੀ ਉਪਦੇਸ਼ ਤਾਂ ਕਰਦੇ ਹਨ ਨਿਰਨੇ ਕਰਕੇ ।੨।

**ਸ੍ਰੀ ਗੁਰੋਵਾਚ ॥**

**ਜਾਨਿਉ ਅਬਨਾਸੀ ਅਜਰ ਅਦੈਵ ਰੂਪ ਅਪਾਰ ॥**
**ਜਗ ਅਸਕਤ ਨਾ ਸਭਵੈ ਗੁਨ ਸਿਖ ਸਤ ਬਿਚਾਰ ।੩।**

ਸ੍ਰੀ ਗੁਰੂ ਜੀ ਆਖਦੇ ਹਨ ਜਾਣਿਆ ਹੈ ਨਾਸ ਤੇ ਬਹੁਤ ਤੇ ਅਜਰ ਤੇ ਦਵੈਤ ਤੇ ਰਹਿਤ ਰੂਪ ਹੈ ਜਿਸਦਾ ਬਹੁਤ ਹੀ ਜਗਤ ਜੋ ਅਸ਼ਕਤ ਹੈ ਸੋ ਬਨਤਾ ਨਹੀਂ ਹੈ ਸੁਣ ਸਿਖ ਸਚ ਬਚਨ ਬਿਚਾਰ ਸਾਡੇ।

**ਜੋ ਕਹਿ ਕਰਿ ਹੈ ਕਹਿ ਬਿਖੇ ਭਯੋ ਗਯਾਨ ਉਦੋਤ।**
**ਦਿਖੇ ਸੰਗ ਮਤਿ ਭੋਗ ਹੈਵ ਗਿਆਨ ਸਿਬਲਤਾ ਹੋਤ ।੪।**

ਜੇਕਰ ਕਹਿਆ ਕਰ ਹੇ ਤਨ ਤੇ ਕਹੇ ਵਿਚ ਹੈ ਤਾਂ ਹੀ ਗਿਆਨ ਪ੍ਰਗਟ ਹੁੰਦਾ ਹੈ ਵਿਸ਼ਿਆਂ ਦੀ ਸੰਗਤ ਕਰਕੇ ਮਨ ਚੰਚਲ ਹੋਂਦਾ ਹੈ ਮਤ ਵੀ ਨਾਸ ਹ ਜਾਂਦੀ ਹੈ ਤੇ ਗਿਆਨ ਵਿਚ ਵਿਸ਼ਿਥਤਾਈ ਹੁੰਦੀ ਹੈ ।੪।

**ਆਤਮ ਸੁਧ ਲਹਯੋ ਨਹੀਂ ਉਦਯੋ ਨ ਨਿਰਮਲ ਗਿਆਨ। ਮਲਨ ਵਿਖੇ ਵਿਵਹਾਰ ਰਤ ਤਬ ਲਗ ਹੋਤ ਅਜਾਨ ।੫।**

ਪ੍ਰਮਾਤਮਾ ਸੁਧ ਨੂੰ ਲਖਿਆਂ ਨਾ ਤੇ ਨਾ ਹੀ ਨਿਰਮਲ ਗਿਆਨ ਹੋਇਆ ਮਲੀਨ ਵਿਸ਼ਿਆਂ ਵਿਚ ਹੀ ਵਿਵਹਾਰ ਰਿਹਾ ਤੇ ਵਿਸ਼ਿਆਂ ਵਿਚ ਹੀ ਪ੍ਰੀਤੀ ਕਰਦਾ ਰਿਹਾ ਉਤਨਾ ਚਿਰ ਵਿਚ ਮੂਰਖ ਹੈ ।੫।

**ਜੋ ਪੂਰਨ ਆਤਮ ਲਹਯੋ ਤੋ ਕਿੰਚਤ ਬਿਵਹਾਰ।**
**ਸੋਹੰਗ ਜਾਨਸੁ ਹੋਤ ਕਿਉਂ ਜਗ ਜਨ ਦੀਨ ਪ੍ਰਕਾਰ ।੬।**

ਜੇਕਰ ਪੂਰਨ ਪ੍ਰਮਾਤਮਾ ਨੂੰ ਲਖਿਆ ਹੁੰਦਾ ਤਾਂ ਕਿਆ ਹਨ ਵਿਵਹਾਰ ਸੋਹੇ ਜਾਣ ਕਰਕੇ ਸੋ ਹੁੰਦਾ ਕਿਉਂ ਜਗਤ ਵਿਚ ਮੰਗਤਿਆਂ ਦੀ ਤਰ੍ਹਾਂ ਅਧੀਨ।

**ਮੁਖਤ ਬਿਖੈ ਬੈਰਾਗ ਜੋ ਬੰਦਨ ਬਿਖੈ ਸਨੇਹ। ਯਹਿ ਸਭ ਗ੍ਰੰਥਨ ਕੋ ਮਤੋ ਮਨ ਮਾਂਨੇ ਸੁਕਰੇਹਿ।੭।**

ਮੁਕਤੀ ਦੇ ਵਿਚ ਵਿਰਾਗ ਹੈ ਤੇ ਬੰਧਨ ਵਿਚ ਪ੍ਰੇਮ। ਇਹ ਸਾਰਿਆਂ ਗਰੰਥਾਂ ਦਾ ਮਤ ਹੈ ਪਰ ਹੇ ਸਿਖ ਜੋ ਤੈਨੂੰ ਅਛਾ ਲਗਦਾ ਹੈ ਤੂੰ ਕਰ।੭।

**ਕ੍ਰਿਪਾ ਕਰਤ ਸਿਖ ਪਰ ਘਨੀ ਗੁਰ ਸਰਨਾਈ ਰਾਇ। ਇਸਥਿਤ ਆਤਮਵਾਨ ਕੀ ਕਹਿ ਪੁਨਿ ਪੁਨਿ ਦਰਸਾਇ।੮**

ਕਿਰਪਾ ਕਰਦੇ ਹਨ ਸਿਖ ਉਤੇ ਸ੍ਰੀ ਗੁਰੂ ਜੀ ਬਹੁਤ ਸਾਰੀ ਗੁਰ ਸ਼ਰਨ ਆਇਆਂ ਦੀ ਗਤੀ ਕਰਦੇ ਹਨ ਤੇ ਗਿਆਨ ਪਰ ਕਾਸ਼ ਕਰਦੇ ਹਨ ਇਸਤਤ ਗਿਆਨ ਵਾਨ ਦੀ ਆਖਕੇ ਫੇਰ ਫ਼ੇਰ ਦਸੀ ਨੇ।੮।

**ਜੈਜੇ ਭੁਜੇ ਅੰਨ ਮੈ ਉਦਭਵਤਾ ਭਈ ਛੀਨ॥ ਤੈਸੇ ਆਤਮਵਾਨ ਕੀ ਭਈ ਜਗਤਿ ਮਤਿ ਲੀਨ।੯।**

ਜੈਜੇ ਭੁਜੇ ਅੰਨ ਵਿਚ ਉਗਣਵਾਨ ਸ਼ਕਤੀ ਜਾਂਦੀ ਰਹਿੰਦੀ ਹੈ ਤਿਸੀ ਪ੍ਰਕਾਰ ਹੀ ਗਿਆਨ ਵਾਨ ਦੀ ਮਤ ਜਗਤ ਵਿਚ ਲੀਨ ਨਹੀਂ ਹੁੰਦੀ।੯।

**ਅਨਾਤ ਸੁਗਯ ਨੀ ਕੋਟ ਕੋ ਨਿਸਚੇ ਨਿਜੇ ਮਤਿ ਏਕ। ਏਕ ਅਗਿਆਨੀ ਕੇ ਹਿਯੇ ਬਰ ਤਤ ਮਤੇ ਅਨੇਕ ੧੦**

ਕਵੀ ਜੀ ਕਹਿੰਦੇ ਹਨ ਕਿ ਸਰੇਸ਼ਟ ਗਿਆਨੀ ਕਰੋੜਾਂ ਦਾ ਹੀ ਇਕ ਮਤਾ ਹੈ ਭਾਵ ਸਿਆਣਿਆਂ ਦੀ ਇਕ ਸਲਾਹ ਹੈ ਤੇ ਅਗਿਆਨੀ ਦੇ ਹਿਰਦੇ ਵਿਚ ਦਿਨੇ ਹੀ ਮਤ ਇਕ ਘੜੀ ਵਿਚ ਉਤਪੰਨ ਹੁੰਦੇ ਹਨ ਭਾਵ ਕੁਝ ਦੀਆਂ ਕੁਝ ਗਲਾਂ ਕਰਦਾ ਹੈ ਤੇ ਹੋਂਦਾ ਇਕ ਵੀ ਨਹੀਂ।੧੦।

**ਸੇਵਾ ਬਹੁਤ ਪ੍ਰਕਾਰ ਪੁਨ ਅੰਗ ਤਰਾਸ ਕਰੈ ਕੋਇ। ਗਿਆਨੀ ਆਪਸ ਕੇ ਲਹੇ ਤ੍ਰਿਪਤ ਕੁਪਤਿ ਨਹਿ ਕੋਇ।੧੧**

ਸੇਵਾ ਵੀ ਬਹੁਤ ਤਰ੍ਹਾਂ ਦੀ ਹੈ ਕੋਈ ਡਰ ਕਰਕੇ ਕਰਦਾ ਹੈ ਗਿਆਨੀ ਆਪਣੇ ਪੂਰਬਲੇ ਕਰਮਾਂ ਅਨੁਸਾਰ ਚਲਦਾ ਹੈ ਕਿਸੇ ਪਾਸੋਂ ਕੁਛ ਵਿਗਾੜ ਹੋ ਜਾਵੇ ਤਾਂ ਗੁਸਾ ਨਹੀਂ ਕਰਦਾ।

**ਬਿਖਿਆ ਨੰਦ ਸੰਸਾਰ ਹੈ ਭਜਨਾ ਨੰਦ ਹਰਿ ਦਾਸ।**

Sri Satguru Jagjit Singh Ji Elibrary NamdhariElibrary@gmail.com

**ਬ੍ਰਹਮਾਨੰਦ ਜੀਵਤ ਮੁਕਤਿ ਭਈ ਬਾਸਨਾ ਨਾਸ ।੧੨।**

ਵਿਸਾ ਨੰਦ ਜੋ ਵਿਸ਼ਿਆਂ ਦੇ ਭੋਗਨ ਕਰਕੇ ਅਨੰਦ ਆਪਦਾ ਹੋ ਸੋ ਸੰਸਾਰ ਦਾ ਹੈ ਭਜਨਾ ਨੰਦ ਜੋ ਪ੍ਰਮੇਸੁਰ ਦੀ ਭਗਤੀ ਕਰਨੀ ਸੋ ਭਜਨਾ ਨੰਦ ਹੈ ਹਰੀ ਦੇ ਦਾਸ ਕਰਦੇ ਹਨ ਤੇ ਬ੍ਰਹਮਾ ਨੰਦ ਜੀਵਨ ਮੁਕਤ ਹੈ ਭਾਵ ਇਹ ਅਨੰਦ ਸਭ ਤੋਂ ਵੱਡਾ ਹੈ ਸਭ ਸੰਸਾਰ ਦੀਆਂ ਇਸਤੇ ਨਵਿਰਤਾ ਹੋ ਜਾਂਦੀਆਂ ਹਨ ।

**ਸਾਂਤਿ ਰੂਪ ਤਿਨਕੋ ਜਗਤ ਜੋ ਉਰਸਾਂਤ ਮਹੰਤ ।**
**ਤ੍ਰਿਬਿਧਿ ਤਾਪ ਜਿਨ ਉਰਜਰੇ ਤੇ ਜਗ ਜਰਤ ਲਹੰਤ।੧੩।**

ਤਿਨ੍ਹਾਂ ਨੂੰ ਜਗਤ ਵੀ ਸ਼ਾਂਤੀ ਸਰੂਪ ਜਾਪਦਾ ਹੈ ਜਿਨ੍ਹਾਂ ਦੇ ਰਿਦੇ ਵਿਚ ਵੀ ਸ਼ਾਂਤੀ ਹੈ ਜੇਹੜੇ ਤਿੰਨਾਂ ਤਾਪਾਂ ਕਰਕੇ ਸੜ ਰਹੇ ਹਨ ਉਹ ਜਗਤ ਵਿਚ ਸੜਦੇ ਵੇਖੀਦੇ ਹਨ ।੧੩।

**ਮੁਕਤਾਦਿਕ ਇਛਾ ਨਹੀਂ ਨਿਸ ਪ੍ਰੇਹੀ ਪਰਮਾਨ ।**
**ਆਤਮ ਸੁਖ ਨਿਤ ਤ੍ਰਿਪਤਿ ਜੋ ਤਿਨ ਸਮਾਪ ਨਹੀਂ ।੧੪।**

ਮੁਕਤੀ ਆਦਿ ਦੀ ਇਛਾ ਨਹੀਂ ਨਿਰਇਛਤ ਉਨ੍ਹਾਂ ਨੂੰ ਭਲੀ ਪ੍ਰਕਾਰ ਮਨਣਾ ਕਰੋ ਆਤਮ ਬ੍ਰਹਮ ਸੁਖ ਵਿਚ ਰਜੇ ਹੋਏ ਹਨ ਜੋ ਉਹਨਾਂ ਦੇ ਬਰਾਬਰ ਜਗਤ ਵਿਚ ਕੋਈ ਨਹੀਂ ਹੈ ।੧੪।

**ਦਿਸਟ ਪਦਾਰਥ ਕੋ ਭਯੋ ਜਿਨਕੇ ਸਹਜ ਸਭਾਵ ।**
**ਕਹਾ ਗਹ ਤਿਆਗੀ ਕਹਾ ਛੂਟਯੋ ਭਾਵ ਅਭਾਵ ।੧੫।**

ਜੇਹੜੇ ਸੰਤ ਹਨ ਉਹਨਾਂ ਦੀ ਦ੍ਰਿਸ਼ਟੀ ਪਦਾਰਥ ਤੋਂ ਪਿਛੇ ਰਹਿ ਗਈ ਹੈ ਪਰ ਜਿਨਾਂ ਦੇ ਗਿਆਨ ਸਭਾਵ ਪ੍ਰਗਟ ਹੋ ਕਿਆ ਛੁਟੇ ਹੋਣਾ ਨ੍ਹਾ ਹੋਣਾ ਵੀ ਨਹੀਂ ਹੈ ।੧੫।

**ਜੈਸੇ ਦਿਨ ਕਰਕੇ ਉਦੇ ਦੀਪਕ ਦੁਤ ਦੂਰ ਜਾਤ ।**
**ਐਸੇ ਪਰਮਾਨੰਦ ਮੈਂ ਅਨੰਦ ਬੈਸ ਬਿਲਾਤ ।੧੬।**

ਜੈਸੇ ਸੂਰਜ ਦੇ ਪ੍ਰਗਟ ਹੋਇਆਂ ਦੀਵਿਆਂ ਦੀ ਸ਼ੋਭਾ ਜਾਤੀ ਮੰਦ ਪੈ ਜਾਂਦੀ ਹੈ ਐਸੇ ਹੀ ਪ੍ਰਮੇਸ਼ਰ ਦੇ ਅਨੰਦ ਵਿਚ ਸਾਰੇ ਅਨੰਦ ਛੁਪ ਜਾਂਦੇ ਭਾਵ ਪ੍ਰਮੇਸ਼ਰ ਦੇ ਭਜਨ ਜੇਹਾ ਅਨੰਦ ਨਹੀਂ ਹੈ ।੧੬।

**ਗਰੜ ਤਹਾਂ ਬਾਹਨ ਸਬੈ ਰਸ ਅਮੀ ਸਮੀਪ ।।**
**ਗਿਆਨ ਦਿਵਾ ਕਰਕੇ ਉਦੇ ਸਬ ਮਤ ਹਵੈ ਗਏ ਦੀਪ ।੧੭**

Sri Satguru Jagjit Singh Ji Elibrary NamdhariElibrary@gmail.com

ਗਰੜ ਬਰਾਬਰ ਕੋਈ ਬਾਹਨ ਨਹੀਂ ਚਲ ਸਕਦਾ ਤੇ ਅੰਮ੍ਰਿਤ ਪਾਸ ਸਾਰੇ ਰਸ ਖਟੇ ਮਿਠੇ ਫਿਕੇ ਮੰਦ ਪੈ ਜਾਂਦੇ ਹਨ ਇਸੀ ਤਰ੍ਹਾਂ ਗਿਆਨ ਰੂਪੀ ਸੂਰਜ ਦੇ ਪ੍ਰਗਟ ਹੋਣ ਕਰਕੇ ਸਾਰੇ ਮਤ ਦੀਵੇ ਦੀ ਨਿਆਈਂ ਹੋ ਜਾਂਦੇ ਹਨ।੧੭।

**ਹੇਤ ਪਰੀਛਾ ਕੇਸੁ ਗੁਰ ਖੰਡ ਉਜਗ ਬਿਉਹਾਰ।**
**ਕਹਿਤ ਸਿਖ ਅਨੰਦ ਜੁਤਿ ਬਸ ਪ੍ਰਾਰਭਧ ਅਧਾਰ।੧੮।**

ਕਰਨ ਗਿਆਨ ਦੀ ਇਸਤਤੀ ਦੇ ਸਰੇਸ਼ਟ ਗੁਰਾਂ ਨੇ ਖੰਡਨ ਕੀਤਾ ਹੈ ਜਗਤ ਦਾ ਵਿਹਾਰ ਕਹਿੰਦੇ ਹੈ ਸਿਖ ਅਨੰਦ ਸੰਜੁਗਤ ਵਸ ਜੋ ਕੁਝ ਹੈ ਜ ਪ੍ਰਾਰਭਦ ਦੇ ਅਧਾਰ ਅਧੀਨ ਹੈ।੧੮।

## ਸਿਖ ਬਚਨ ਦੋਹਰਾ ॥

**ਭਗਤ ਆਤਮ ਵਾਨ ਜੇ ਲੀਤਾ ਵਤ ਕਰੈ ਭੋਗ।**
**ਬਸਤ ਬੁਧਿ ਕਛੁ ਨਾ ਗ੍ਰਹੇ ਧੀਰਤ ਮਾਨ ਅਰੋਗ।੧੯।**

ਸਿਖ ਆਖਦਾ ਹੈ ਹੇ ਗੁਰੂ ਜੀ ਗਿਆਨਵਾਨ ਜੋਹੜੇ ਕੌਤਕ ਦੀ ਨਿਆਈਂ ਭੋਗ ਕਰਦਾ ਹੈ। ਬੁਧੀ ਵਸਤੂ ਕੋਹੜੇ ਗ੍ਰਹਨ ਨਹੀਂ ਕਰਦੀ ਹੈ ਧੀਰਜ ਆਧਕ ਗਨੋਂ ਕਰਕੁ ਸੰਪੂਰਨ ਹੈ ਤੇ ਰੋਗ ਵੀ ਕੋਈ ਨਹੀਂ ਹੈ।੧੯।

**ਅਗਿਆਨੀ ਆਕਸ਼ਤ ਮਤ ਕਰੇ ਸੁਬੰਧਨ ਹੇਤ।**
**ਗਿਆਨੀ ਕੋ ਆਸ਼ਕਤ ਨਹਿ ਤਜੇ ਨ ਕਛੁਗ੍ਰਹ ਲੇਤ।੨੦।**

ਅਗਿਆਨੀ ਦੀ ਜੋ ਮਤ ਆਸ਼ਕਤ ਹੈ ਪਦਾਰਥ ਵਿਚ ਲੀਨ ਹੋਈ ਹੋਈ ਹੋਈ ਜੋ ਕੁਝ ਕਰਦਾ ਹੈ ਅਗਿਆਨੀ ਸੇ ਬੰਧਨ ਦਾ ਕਾਰਨ ਕਰਦਾ ਹੈ ਤੇ ਗਿਆਨ ਆਸ਼ਕਤ ਨਹੀਂ ਹੈ ਨ ਕੁਝ ਤਯਾਗਨ ਕਰਦਾ ਹੈ ਨਾ ਕੁਝ ਗ੍ਰਹਿਨ ਕਰਦਾ ਹੈ।੨੦।

**ਹੇ ਅਬੋਧ ਅਨਭ ਗਿਤਿਪਰ ਸਿਉਂਚਿਤ ਸਮੀਰ।**
**ਬਹੁ ਕਲੋਲਤਾ ਮਹਿ ਉਠੀ ਨਾਨਾ ਰੂਪ ਸਮੀਰ।੨੧।**

ਅਪਨੀ ਉਸਤਤਿ ਦੇਸ ਪ੍ਰਦੇਸ ਤੋਂ ਬਿਨਾਂ ਹੈ ਸਮੁੰਦਰ ਕੀ ਨਿਆਈਂ ਘਟਨੇ ਬਦਨੇ ਮਾਇਆ ਕਹਿ ਬਹੁਤ ਲਹਿਰਾਂ ਵਾ ਨੀਰ ਰੂਪੀ ਪ੍ਰਗਟ ਹੋਈਆਂ ਅਤੇ ਛਪਨ ਹੋ ਗਈ।੨੧।

**ਚਿਤ ਬਾਤ ਭਯੋ ਸਾਂਤਿ ਅਬਿ ਜੀਵ ਲਹਿਰ ਭਈ ਲੀਨ। ਕਵਲ ਰੂਪ ਅਨੰਤ ਹੋ ਰਹਿਓ ਅਸੁਭ ਸਭ ਹੀਨ।**

Sri Satguru Jagjit Singh Ji Elibrary NamdhariElibrary@gmail.com

ਜਦੋਂ ਜੀਵ ਸ਼ਾਂਤੀ ਸੰਜੁਗਤ ਹੋਇਆ ਤਾਂ ਚਿਤ ਚੇਤਨ ਦਾ ਸਰੂਪ ਹੀ ਹੋ ਗਿਆ ਹੋਰ ਲਹਿਰਾਂ ਵਾਸ਼ਨਾ ਆਦਿਕ ਨਾਸ ਹੋ ਗਈਆਂ ਕੇਵਲ ਇਸ ਸਵੈ ਸਰੂਪ ਹੀ ਮੈਂ ਕਿਹਾ ਤੇ ਸ਼ੁਭ ਅਸ਼ੁਭ ਲਹਿਰਾਂ ਵੀ ਨਵਿਰਤ ਹੋ ਗਈਆਂ ਹਨ ।

**ਇੰਦ੍ਰਾਦਿਕ ਇਛਾ ਕਰੈ ਨਿਸਚਲ ਪਟ ਸੁਅਗਾਸ ।**
**ਤਿਹ ਗਿਆਨੀ ਕੀ ਥਿਤ ਸਦਾ ਮੈ ਤੂੰ ਵਹਿ ਯਹਿ ਬਾਸ ।**

ਇਦਤ ਆਦਿਕ ਦੇਵਤੇ ਵੀ ਉਸਦੀ ਇਛਾ ਕਰਦੇ ਹਨ ਨਿਸਚਲ ਪਦ ਜੋ ਅਗਾਧ ਹੈ ਉਸ ਜਗਾ ਗਿਆਨੀ ਦੀ ਥਿਤ ਇਸਥਤੀ ਹੈ ਮੈਂ ਮਾਂ ਤੇ ਤੂੰ ਮਾ ਤੇ ਇਹ ਉਹ ਉਸ ਜਗਾ ਬਾਂਧ ਨਾਸਵੰਤ ਹੀ ਨਹੀ ਸੰਭਵੇ ।੨੩।

**ਜਾਗਰਤ ਸਵਪਨ ਤਹਾਂ ਨਹੀ ਸੁਖ ਪਤਿ ਮਨ ਲੀਨ।**
**ਮੈ ਤੂ ਤਹਾਂ ਨ ਸੰਭਵੇ ਆਮ ਨਿਹਦੇ ਕੀਨ ।੨੪।**

ਜਾਗਰਤ ਸਵਪਨ ਅਵਸਥਾ ਵੀ ਉਸ ਜਗਾ ਨਹੀਂ ਹਨ ਜਿਥੇ ਸਖੋਪਤ ਚ ਮਨ ਲਗ ਗਿਆ ਮੈਂ ਅਤੇ ਮੈਂ ਤੂ ਵੀ ਉਸ ਜਗਾ ਆਨ ਬਨ ਹੀ ਕੇਵਲ ਆਤਮ ਰਸ ਹੀ ਨਿਸਚੇ ਕੀਤਾ ।੨੪।

**ਗਿਆਨੀ ਕਰੇ ਅਨੇਕ ਕਰਮ ਬਿਧਵਤ ਜਗਤਿ ਬਿਉਹਾਰ । ਲਿਪੈ ਨ ਧੂਮ ਅਕਾਸ਼ ਜਿਉਂ ਜਾਨਿਓਂ ਜਗਤ ਅਸਾਰ ।੨੫।**

ਗਯਾਨੀ ਅਨੇਕ ਹੀ ਕਰਮ ਕਰਦਾ ਹੈ ਰੀਤੀਆਂ ਸੰਜੁਗਤ ਜੈਸੇ ਜਗਤ ਦੇ ਵਿਵਹਾਰ ਹਨ ਪਰੰਤੂ ਉਹਨਾਂ ਵਿਚ ਲੁਭਾਇਮਾਨ ਨਹੀਂ ਹੁੰਦਾਂ ਜੈਸੇ ਅਕਾਸ਼ ਨੂੰ ਧੂਆਂ ਕੁਛ ਨਹੀ ਕਰ ਸਕਦਾ ਹੈ ਇਸ ਤਰਾਂ ਗਿਆਨੀ ਨੇ ਜਗਤ ਨੂੰ ਮਿਥਿਆ ਜਾਨਿਆ ਹੋਯਾ ਹੈ।

**ਜਾਗ੍ਰਤ ਨਾਹਿ ਸੁਖੁਪਤਾ ਸੀ ਮਤਿਵਾਰੇ ਕੰਕੇਲ ।**
**ਕਰੇ ਚੇਸ਼ਟਾ ਬਾਲ ਜਿਉਂ ਆਤਮ ਸੁਖ ਰਹਿਓ ਝੇਲ ।੨੬।**

ਜਾਗਰਤ ਅਵਸਥਾ ਵੀ ਨਹੀਂ ਸਖੋਪਤ ਵੀ ਨਹੀ ਹੈ ਜਿਸ ਤਰਾਂ ਮਤਵਾਰੇ ਦੀ ਨਿਆਈ ਕ੍ਰੀੜਾ ਕਰਦਾ ਹੈ ਅਤੇ ਉਹ ਗਿਆਨੀ ਬਾਲਕ ਜਿਉਂ ਕਰੀੜਾ ਕਰਦਾ ਹੈ ਅਤੇ ਆਤਮ ਸੁਖ ਨੂੰ ਲੇ ਰਿਹਾ ਹੈ ।੨੬।

**ਸੋਰਠਾ ॥ ਸਵਪਨ ਰਾਵ ਭਇਓ ਰੰਕ ਪ੍ਰਾਨ ਤਜੇ**

Sri Satguru Jagjit Singh Ji Elibrary NamdhariElibrary@gmail.com

ਤਹ ਸੁਧਾਵਸਿ। ਜਾਗੈ ਵਹੈ ਪ੍ਰਜੰਕ ਰਹਿ ਬਿਸਮਯੋ ਰਹ ਹਰਖ ਪੁਨ।੨੭।

ਸੁਪਨੇ ਵਿਚ ਰਾਜਾ ਕੰਗਾਲ ਹੋ ਗਿਆ ਪ੍ਰਾਨ ਨਿਕਲਦੇ ਜਾਂਦੇ ਹਨ ਭੁਖ ਦੇ ਵਸੀਕਾਰ ਹੋਇਆ ਹੋਇਆ ਜਿਸ ਵਕਤ ਉਠਿਆ ਤਾ ਇਹੋ ਹੀ ਪ੍ਰਯੰਕ ਤਖਤ ਹੈ ਬੜਾ ਅਸਚਰਜ ਹੋ ਗਿਆ ਅਤੇ ਫਿਰ ਅਨੰਦ ਹੋ ਗਿਆ ਰਾਜ ਦੇਖ ਕਰਕੇ।੨੭।

ਦੋਹਰਾ ॥ ਆਸਾ ਤ੍ਰਿਸਨਾ ਨਹਿ ਕਸ਼ ਨਹਿ ਏਕ ਅਰ ਦੋਇ। ਲਘ ਦੀਰਘ ਨਹਿ ਅਗਣ ਗਣ ਚਿਦ ਸ਼ਰੂਪ ਮਮ ਸੋਇ ॥੨੮॥

ਆਸਾ ਵੀ ਨਹੀ ਤ੍ਰਿਸ਼ਨਾ ਵੀ ਨਹੀ ਇਕ ਵੀ ਨਹੀ ਦੋ ਵੀ ਨਹੀ ਛੋਟਾ ਵੀ ਨਹੀ ਵਡਾ ਨਹੀ ਨਿਰਗੁਣ ਨਹੀ ਸਰਗੁਨ ਨਹੀ ਚੇਤਨ ਸਰੂਪ ਹੈ ਸੋਈ ਹੀ ਹਾ ਏਹ ਸਿਖ ਦਾ ਅਨਭਾਵ ਹੈ।੨੮।

ਅਗਹ ਅਗੋਚਰੁ ਏਕ ਸੇ ਨਿਰਬਰਨੀ ਨਿਰਬਾਨ ॥ ਅਨਾਥ ਨਹਿਨ ਕੋ ਭੂਮਿਕਾ ਜਪਾਰ ਕਬੀਐ ਗਿਆਨ।੨੯।

ਜੋ ਪਕੜਿਆ ਨਾ ਜਾਵੇ ਜੋ ਨਜਰ ਨ ਆਵੇ ਸੋ ਇਕ ਜੋ ਬਰਨ ਕਰਕੇ ਵੀ ਕਥਿਆ ਨਾ ਜਾਵੇ ਫਿਰ ਜੋ ਨਿਰਬਾਨ ਦਵੈਤ ਤੇ ਰਹਿਤ ਹੈ ਕਵੀ ਜੀ ਕਹਿੰਦੇ ਹਨ ਉਥੇ ਕੋਈ ਭੂਮਕਾ ਸਭਾ ਵਿਚੋਂ ਵੀ ਨਹੀ ਹੈ ਜੋ ਪਰ ਜਿਸ ਉਪਰ ਉਹ ਗਿਆਨ ਕਥਨ ਕਰੀਏ।੨੯।

ਸ੍ਰੀ ਗੁਰੋਵਾਚ ॥

ਦੋਹਰਾ ॥

ਧੰਨਿ ਧੰਨਿ ਸਿਖ ਉਦਾਰ ਮਤਿ ਪਾਯੋ ਮਤੋ ਅਨੂਪ। ਸੁ ਗੁਰ ਖੋਜ ਲੀਨੋ ਭਲੋ ਭਯੋ ਸੁ ਸੁਧ ਸਰੂਪ।੩੦।

ਗੁਰੂ ਜੀ ਆਖਦੇ ਰਨ ਧਨ ਹੈਂ ਸਿਖ ਤੂੰ ਧਨ ਹੈਂ ਤੇਰੀ ਬੜੀ ਉਦਾਰਮਤੀ ਹੈ ਤੈਨੇ ਮਾਤਾ ਸੁੰਦਰ ਮਾਯਾ ਹੈ ਅਤੇ ਗੁਰੂ ਵੀ ਸਰੇਸ਼ਟ ਭਲਾ ਲਭ ਲਿਆ ਹੈ ਤੇ ਆਪ ਵੀ ਸੁਧ ਸਰੂਪ ਹੋ ਗਿਆ ਹੈ।੩੦।

ਸੁਨ ਬਿਚਾਰ ਠਹਿਰਾਇ ਹੈਵ ਬਿਸਤ੍ਰ ਵਕਥਕ ਜਾਇ।

**ਅਨਾਥ ਬਿਬੇਕੀ ਜਾਨ ਹੈ ਗਾਇਬ ਬਾਜੀ ਪਾਇ ।੩੧।**

ਸੁਣ ਪਹਿਲੇ ਸੰਤਾਂ ਪਾਸੇ ਜਾ ਕਰਕੇ ਸਰਵਨ ਕੀਤਾ ਫਿਰ ਬਿਚਾਰ ਮੰਨਣ ਕੀਤਾ ਫਿਰ ਠਹਿਰਾਏ ਸਿਧ ਆਸਨ ਕੀਤਾ ਫਿਰ ਬਿਰਤ ਵਾਕ ਬਾਕ ਜਾਇ ਭਾਵ ਸਮਾਧੀ ਲਾਈ ਜਿਥੇ ਬਿਸਰਤ ਵਾਕ ਭਾਵ ਗਲ ਕਰਨ ਦੀ ਇਛਾ ਰਹੇ ਤੇ ਥਕ ਜਾਏ ਜੋ ਸਮਾਧੀ ਹੈ ਫਿਰ ਕਵੀ ਜੀ ਆਂਖਦੇ ਹਨ ਕਿ ਵਿਚਾਰਵਾਨ ਦੀ ਬਾਤ ਵਿਚਾਰਵਾਨ ਜਾਣਦਾ ਹੈ ਜੋ ਬਿਬਕ ਹੈ ਸੋ ਵਿਚਾਰਵਾਨ ਹੈ ਤੇ ਗਾਇਬ ਗਵੇਯ ਦੀ ਬਾਤ ਗਵੱਯਾ ਜਾਣਦਾ ਹੈ ਭਾਵ ਜੋ ਰਾਗ ਉਚਾਰੇ ਤਾਂ ਰਾਗ ਵਾਲੇ ਨੇ ਹੀ ਬੁਝਣਾ ਹੈ ਨਾ ਕੋਈ ਹੋਰ ਤਾਂ ਨਹੀਂ ਨ ਸੁਣ ਸਕਦਾ ਹੈ ਜਿਸ ਤਰ੍ਹਾਂ ਗਿਆਨਵਾਨ ਦੀ ਬਾਤ ਗਿਆਨਵਾਨ ਸਮਝਦਾ ਹੈ ।੩੧।

**ਯੇਹਿ ਵਿਚਾਰ ਮਾਲਾ ਸਰਸ ਬਹੁ ਬਿਧਿ ਰਚਿਓ ਬਿਚਾਰ ॥ ਸਾਧਨ ਸਿਧ ਪ੍ਰਗਟ ਕੀਏ ਨਾਥ ਭਲੀ ਪਰਕਾਰ ॥ ੩੨ ॥**

ਕਵੀ ਜੀ ਕਹਿੰਦੇ ਹਨ ਏਹ ਜੋ ਵਿਚਾਰ ਮਾਲਾ ਸਹਿਤ ਰਸ ਦੇ ਹੈਨ ਤਰਹਾਂ ਕਰਕੇ ਇਸ ਵਿਚ ਵਿਚਾਰ ਭਰਿਆ ਹੈ ਸਿਧੀਆਂ ਦੇ ਸਾਧਨ ਪ੍ਰਗਟ ਕੀਤੇ ਹਨ ਕਵੀ ਜੀ ਕਹਿੰਦੇ ਹਨ ਬੜੀ ਮੇਹਨਤ ਨਾਲ ।

## ਫਲ ਗ੍ਰੰਥ ਦਾ

**ਬੰਧਿਓ ਆਹਿ ਚਹਤ ਛੁਟਿਓ ਯਹਿ ਨਿਸਚੇ ਮਨ ਮਾਹਿ ॥ ਵਿਚਾਰ ਮਾਲਾ ਤਾ ਪਰ ਰਚੀ ਅਗ ਤਗ ਪਰ ਨਾਹਿ ।੩੩।**

ਜੇਹੜਾ ਜੀਵ ਸੰਸਾਰ ਦੇ ਧੰਦਿਆਂ ਜਾਂ ਵਿਸ਼ਿਆਂ ਵਿਚ ਫਸਿਆ ਹੋਇਆ ਹੈ ਤੇ ਉਹ ਛਡਣਾ ਚਾਹੁੰਦਾ ਹੈ ਨਿਸਚੇ ਕਰਕੇ ਮਨ ਵਿਚ ਉਸ ਆਦਮੀ ਵਾਸਤੇ ਏਹ ਗਰੰਥ ਬਣਾਇਆ ਹੈ ਅਗਿਆਨੀ ਤੇ ਤਤ ਵੇਤਾ ਵਾਸਤੇ ਨਹੀਂ ਭਾਵ ਅਗਿਆਨੀ ਨੂੰ ਇਸ ਛਿਨ ਕਨੇ ਦੀ ਸਮਝ ਨਹੀਂ ਪੈਣੀ ਤੇ ਜੋ ਬਹੁਤ ਪੜ੍ਹਿਆ ਹੋਇਆ ਹੈ ਉਸਨੇ ਵੀ ਇਸਨੂੰ ਕਿਆ ਕਰਨਾ ਹੈ ।੩੩।

**ਔਰ ਮਾਲ ਰਤਨਾਦ ਜੇ ਘਾਤ ਹੇਤ ਤਿਨ ਹੇਤ ॥ ਅਦ ਭੁਤ ਮਾਲ ਖਿਕਾਰ ਯਹਿ ਤਸਕਰ ਬਸ ਕਰ ਲੇਤ ।੩੪**

ਹੋਰ ਜੋ ਰਤਨਾਂ ਦੀਆਂ ਮਾਲਾ ਹਨ ਉਨ੍ਹਾਂ ਵਾਸਤੇ ਕਈ ਆਪ ਵਿਚ ਦੀ ਜਗਤ ਜੀਵ ਲੜ ਲੜ ਮਰਦੇ ਹਨ ਤੇ ਇਹ ਵਿਚਾਰਮਾਲਾ ਜੋ ਬੜੀ ਸੁੰਦਰ ਵਿਚਾਰ ਹੈ ਸੋ ਦੋਹਾਂ ਕੋ ਵੀ ਵਸੀਕਾਰ ਕਰ ਲਏਗੀ ਵਾ ਕਾਮ ਆਦਿ ਦੋਹਾਂ ਨੂੰ ਵਸ ਕਰਗੀ।

**ਖਟ ਦਰਸਨ ਕੀ ਮਾਲ ਜੋ ਆਪਨੋ ਪਖ ਲੀਏਜੁ ॥**
**ਸੇਵਤ ਰਹਿਤ ਰੁਖਮਾਲ ਯਹਿ ਸੋਭਤ ਸਭਨ ਹਿਯੇਜੁ ।੩੫।**

ਜੋ ਛੇਆਂ ਦਰਸ਼ਨ ਜੋਗੀ ਜੰਗਮ ਸਰੇ ਵੜੇ ਅਦਿਕ ਵੀ ਮਾਲ ਮੈ ਆਪਣਾ ਪਖ ਲਿਆ ਹੋਇਆ ਹੈ ਤੇ ਇਹ ਦਵਨਾ ਤੇ ਰਹਿਤ ਸੁੰਦਰ ਮਾਲਾ ਹੈ ਸਭਨਾਂ ਦੇ ਹਿਰਦੇ ਵਿਚ ਸੋਭੇਗੀ ।੩੫।

**ਰਾਵ ਰੰਕ ਮਨ ਭਾਵਤੀ ਬ੍ਰਨ ਆਸਰਮ ਸੁਖ ਚੈਨ ।**
**ਰਚੁ ਵਿਚਾਰਮਾਲਾ ਰਚੀ ਚਿਤਵਤ ਚਿਤ ਅਤਿ ਦੈਨ ।**

ਰਾਜਿਆਂ ਤੇ ਕੰਗਾਲਾਂ ਦੇ ਮਨ ਭਾਵੇਗੀ ਚਵਾਂ ਬਰਨਾਂ ਤੇ ਚਵਾਂ ਆਸ਼ਰਮਾਂ ਨੂੰ ਸੁਖਦਾਇਕ ਹੈ ਬੜੀ ਸੁੰਦਰ ਬਚਾਰ ਮਾਲਾ ਬਣਾਈ ਹੈ ਜਿਸਨੂੰ ਯਾਦ ਕਰਦਿਆਂ ਹੀ ਚਿਤ ਨੂੰ ਅਤਸੇ ਕਰਕੇ ਸ਼ਾਂਤੀ ਪ੍ਰਾਪਤ ਹੁੰਦੀ ਹੈ ।੩੬।

**ਅਨਾਥ ਸਰਵਣ ਬਹੁਤੇ ਕੀਏ ਕਹਿਉ ਬਹੁਤ ਪ੍ਰਕਾਰ**
**ਅਬ ਸੁ ਬਿਚਾਰ ਬਿਚਾਰ ਪੁਨ ਕਰਣ ਨ ਪਰੈ ਬਿਚਾਰ।੩੭।**

ਕਵੀ ਜੀ ਕਹਿੰਦੇ ਹਨ ਮੈਂ ਬਹੁਤ ਸਾਰੇ ਗਰੰਥ ਪੜੇ ਸੁਣੇ ਹਨ ਉਨ੍ਹਾਂ ਵਿਚ ਤਾਂ ਬਹੁਤ ਤਰ੍ਹਾਂ ਲੰਮਾ ਚੌੜਾ ਸਿਆਪਾ ਕਿਹਾ ਹੋਇਆ ਹੈ ਥੋੜੇ ਵਿਚ ਮੁਕਾਂਵਦਾ ਹਾਂ ਹਰ ਇਹੋ ਸੋਚਿਆ ਕਿ ਹੁਣ ਸੋ ਵਿਚਾਰ ਵਿਚਾਰੀਏ ਜਿਸ ਕਰਕੇ ਫਿਰ ਕੋਈ ਹੋਰ ਵਿਚਾਰ ਨਾਂ ਕਰਨੀ ਪਏ ।੩੭।

**ਛਿਮਾਂ ਕਰੋ ਜਿਸ ਜਾਣਕੇ ਕਵਿ ਵਹਾਂ ਪ੍ਰਬੁਧ । ਲੇਹੁ ਸੁਧਾਰ ਵਿਚਾਰਕੇ ਅਖਰ ਸੁਧ ਅਸ਼ੁਧ ।**

ਕਵੀ ਜੀ ਆਖਦੇ ਹਨ ਕਿ ਸੰਤੋ ਜੇਕਰ ਮੇਰੇ ਪਾਸੋਂ ਭੁਲ ਹੋ ਗਈ ਹੋਵੇ ਤਾਂ ਮੈਨੂੰ ਬਖਸ਼ ਲੈਣਾ ਬਾਲਕ ਜਾਣਕੇ ਹੇ ਕਵੀਓ ਜਿਨਾ ਦੀ ਕਵਿਤਾ ਕਰਨ ਵਿਚ ਬੜੀ ਅਛੀ ਚਲਾਕ ਅਕਲ ਹੈ ਹੁਣ ਤੁਸੀਂ ਇਸਨੂੰ ਵਿਚਾਰਕੇ ਸੁਧਾਰ ਲੈਣਾ ਅਖਰ ਜੋ ਵਧ ਘਟ ਹੋਵੇ ਮੈਂ ਆਖਦਾ ਹਾਂ ਟੀਕਾਕਾਰ ਇਸ ਵੇਦਾਂਤੀ ਦਾਸ ਪਹਿਲੇ ਹੀ ਜੁਗਨ ਗਨ ਮਾਤਾ ਪਿਆ ਹੋਇਆ ਹੈ । ਇਸ ਵਾਸਤੇ ਇਸ ਕਵੀ ਵਿਚਾਰਮਾਲਾ ਵਾਲੇ ਦੀ ਭੁਲ ਹੈ ਜਾਂ ਲਘੂ ਗੁਰੂ ਹੋ ਤਾਂ ਨਸ਼ਰ ਬਣੇ ।੩੮।

Sri Satguru Jagjit Singh Ji Elibrary NamdhariElibrary@gmail.com

**ਹੋ ਅਨਾਥ ਕੇਤਕ ਸੁਮਤਿ ਬਰਨੋ ਮਾਲ ਬਿਚਾਰ।**
**ਰਾਮ ਮਯਾ ਸਤਿਗੁਰੁ ਦਯਾ ਸਾਧ ਸੰਗ ਨਿਰਧਾਰ।**

ਮੈਂ ਜੋ ਅਨਾਥ ਸੋ ਮੇਰੇ ਵਿਚ ਕਿਨੀ ਕੁ ਅਕਲ ਹੈ ਭਾਵ ਵਿਚਾਰ ਮਾਲਾ ਬਣਾਈ ਹੈ। ਰਾਮ ਦੀ ਤੇ ਗੁਰਾਂ ਦੀ ਕ੍ਰਿਪਾ ਕਰਕੇ ਤੇ ਸੰਤਾਂ ਦੀ ਸੰਗਤ ਕਰਕੇ ਨਿਰਨੇ ਕਰਕੇ ਬਣਾਈ।੩੯।

**ਪੁਰੀ ਨਿਰਤਮ ਮਿਤਰ ਬਰ ਕਰੋ ਅਚਿਤ ਭਗਵਾਨ।**
**ਬਰਨੀ ਮਾਲ ਬਿਚਾਰ ਮੈਂ ਤਿਹ ਅਗਿਆਨ ਪਰਮਾਨ।**

ਨਰੋਤਮ ਪੁਰੀ ਸਾਡਾ ਮਿਤਰ ਅਛਾ ਸਰੇਸ਼ਟ ਅੰਥਿਤ ਭਗਤ ਸਾਧੂ ਪ੍ਰਮੇਸ਼ਰ ਦਾ ਗੰਗਾ ਰਹਿੰਦਾ ਹੁੰਦਾ ਸੀ ਉਸਨੇ ਸਾਨੂੰ ਕਸ਼ਮੀਰ ਵਿਚ ਆਖ ਘਲਿਆ ਕਿ ਮਾਲਾ ਘਲੋ ਤਾਂ ਮੈਂ ਵਿਚਾਰਿਆ ਕਿ ਓਹ ਗੰਗਾ ਤੇ ਰਹਿੰਦੇ ਹਨ ਅਤੇ ਉਹ ਮਾਲਾ ਦਾ ਘਰ ਹੈ। ਮੈਂ ਵਿਚਾਰਿਆ ਕਿ ਇਸਦੇ ਵਿਚ ਕੁਝ ਖਟਕ ਹੈ ਮੈਂ ਵਿਚਾਰਸਾਲਾ ਛੰਦਾ ਬੰਦੀ ਵਿਚ ਵੇਦਾਂਤ ਦੀ ਪੁਸਤਕ ਬਣਾ ਕਰਕੇ ਦੋਨ੍ਹਾਂ ਨੂੰ ਘਲੀ ਤਾਂ ਉਹ ਬੜੇ ਪ੍ਰਸੰਨ ਹੋਏ ਤਾਂ ਤੇ ਮੈਂ ਉਨ੍ਹਾਂ ਦੀ ਆਗਿਆ ਪਾਲ ਕੇ ਬਣਾਈ ਸੀ।

## ਪੁਸਤਕ ਦਾ ਫਲ

**ਲਿਖੈ ਪੜੈ ਅਤਿ ਪ੍ਰੀਤ ਯੁਤ ਅਰ ਪੁਨ ਕਰੈ ਬਚਾਰ।**
**ਛਿਨ ਛਿਨ ਗਿਆਨ ਪ੍ਰਗਾਸ ਤਿਹ ਹੋਇ ਸੁ ਰਵਿ ਪ੍ਰਕਾਰ।**

ਜਿਹੜਾ ਇਸਨੂੰ ਲਿਖੇ ਪੜੇਗਾ ਸੁਣੇ ਪ੍ਰੀਤ ਸੰਜੁਗਤ ਤੇ ਫਿਰ ਫਿਰਕੇ ਵਿਚਾਰਕੇ ਉਹਨੂੰ ਪਲ ਪਲ ਪਲ ਵਿਚ ਗਿਆਨ ਪ੍ਰਗਟ ਹੋਵੇਗਾ ਸੂਰਜ ਦੀ ਨਿਆਈਂ।੪੧।

**ਸੋਰਠਾ। ਸਤਰਹ ਸੈ ਛਬੀਸ ਸੰਮਤ ਮਾਘਵ ਮਾਸ ਸੁਧ।**
**ਮੋਪੈ ਜਿਤਕ ਹੁਤੀਸ ਤੇਤਕ ਬਰਣ ਪ੍ਰਗਟ ਕਰੀ।**

ਸੰਮਤ ਸਤਾਰਾਂ ਸੌ ਛਬੀ ਸੀ ਮਾਘ ਵ ਮਘਰ ਦਾ ਮਹੀਨਾ ਸਰੇਸ਼ਟ ਸੀ ਜਿਨੀ ਕੁ ਮੇਰੀ ਅਕਲ ਸੀ ਉਤਨੀ ਕੁ ਮੈਂ ਪ੍ਰਗਟ ਕੀਤੀ ਹੈ।

## ਜਿਨ੍ਹਾਂ ਪੁਸਤਕਾਂ ਤੋਂ ਪੁਸਤਕ ਬਣਿਆ

**ਦੋਹਰਾ। ਗੀਤਾ ਭਗਵਤ ਕੋ ਮਤੋ ਏਕਾਦਸਕੀ ਜੁਗਤ**

Sri Satguru Jagjit Singh Ji Elibrary NamdhariElibrary@gmail.com

**ਅਸਟਾਬਕ੍ਰ ਬਸਿਸਟ ਮੁਨ ਕਛੁਕ ਆਪਣੀ ਉਕਤ ।**

ਗੀਤਾ ਭਗਵਤ ਦਾ ਮਤਾ ਰਾਗਵਤ ਦੇ ਯਾਰਵੇਂ ਸਕੰਧ ਦੀ ਯੁਕਤੀ ਅਸਟਾ ਬਕ੍ਰਿਰਿਪਾ ਗਰੰਥ ਬਸਿਸ਼ਟ ਰਿਖੀ ਦਾ ਗਰੰਥ ਥੋੜੀ ਜਿਹੀ ਆਪਣੀ ਉਕਤੀ।

॥ ਇਤਿ ਸ੍ਰੀ ਵਿਚਾਰ ਮਾਲਾ ਅਠਮੋ ਬਿਸਰਾਮ ॥


# ਗਿਆਨੀ ਨਰੈਣ ਸਿੰਘ ਰਚਿਤ ਪੁਸਤਕਾਂ

| | |
|---|---|
| ਸਾਖੀ ਪ੍ਰਮਾਣ (ਵਾਰਤਕ) | ੪੦) |
| ਸਾਖੀ ਪ੍ਰਮਾਣ ਕਪੜਾ ਜਿਲਦ | ੫੦) |
| ਭਗਤ ਮਾਲ ਸਟੀਕ ਵਾਰਤਕ | ੪੦) |
| ਭਗਤ ਮਾਲ ਸਟੀਕ ਕਪੜਾ ਜਿਲਦ | ੫੦) |
| ਚੰਡੀ ਦੀ ਵਾਰ ਸਟੀਕ | ੮) |
| ਚੰਡੀ ਦੀ ਵਾਰ ਸਟੀਕ ਹਿੰਦੀ | ੭) |
| ਆਸਾ ਦੀ ਵਾਰ ਸਟੀਕ | ੭) |
| ਜਾਪੁ ਸਾਹਿਬ ਤੇ ਸਵੱਯੇ ਸਟੀਕ | ੮) |
| ਬਾਵਨ ਅਖਰੀ ਸਟੀਕ | ੩) |
| ਜ਼ਫਰਨਾਮਾ ਸਟੀਕ | ੧੮) |

ਮਿਲਣ ਦਾ ਪਤਾ—

**ਭਾਈ ਚਤਰ ਸਿੰਘ ਜੀਵਨ ਸਿੰਘ**

**ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**

Sri Satguru Jagjit Singh Ji Elibrary NamdhariElibrary@gmail.com

ਸ੍ਰੀ ਮਾਨ ਸੋਢੀ ਤੇਜਾ ਸਿੰਘ ਜੀ ਰਚਿਤ ਨਵੇਂ ਗ੍ਰੰਥ

# ਦਸ ਗੁਰ ਇਤਿਹਾਸ

(ਤਿੰਨ ਜਿਲਦਾਂ ਵਿਚ)

ਰਚਿਤ ਸ੍ਰੀ ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ

ਵਾਰਤਕ ਲਿਖਾਰੀ ਸੋਢੀ ਤੇਜਾ ਸਿੰਘ ਜੀ

| | | |
|---|---|---|
| ੧. ਨਿਰੰਕਾਰੀ ਚਮਤਕਾਰ—ਜੀਵਨ ਪਾ: ੧-੨-੩ | ਭੇਟਾ | ੫੦) |
| ੨. ਸੋਢੀ ਚਮਤਕਾਰ—ਜੀਵਨ ਪਾ: ੪ ਤੋਂ ੯ ਤਕ | ਭੇਟਾ | ੫੦) |
| ੩. ਦਸਮ ਗੁਰ ਚਮਤਕਾਰ—ਜੀਵਨ ਪਾ: ੧੦ | ਭੇਟਾ | ੫੦) |

ਡਾਕ ਖਰਚ ਸਭ ਦਾ ਵਖਰਾ

| | | |
|---|---|---|
| ਸੂਰਜ ਪ੍ਰਕਾਸ਼—ਇਸ ਗ੍ਰੰਥ ਵਿਚ ਦਸਾਂ ਪਾਤਿਸ਼ਾਹੀਆਂ ਦਾ ਮੁਕੰਮਲ ਇਤਿਹਾਸ ਦਰਜ ਹੈ | ਭੇਟਾ | ੩੫) |
| ਗੁਰਬਿਲਾਸ ਪਾਤਿਸ਼ਾਹੀ ੬—ਜੀਵਨ ਪਾਤਿਸ਼ਾਹੀ ਛੇਵੀਂ | ਭੇਟਾ | ੨੫) |
| ਤਵਾਰੀਖ ਦਸ ਗੁਰੂ ਖਾਲਸਾ—ਦਸਾਂ ਪਾਤਿਸ਼ਾਹੀਆਂ ਦਾ ਮੁਕੰਮਲ ਇਤਿਹਾਸ | ਭੇਟਾ | ੨੫) |
| ਜੀਵਨ ਗੁਰੂ ਤੇਗ ਬਹਾਦਰ ਸਾਹਿਬ ਜੀ | ਭੇਟਾ | ੧੦) |
| ਵਚਿਤ੍ਰ ਜੀਵਨ—ਜੀਵਨ ਸ੍ਰੀ ਗੁਰੂ ਨਾਨਕ ਦੇਵ ਜੀ | ਭੇਟਾ | ੧੦) |
| ਜੀਵਨ ਪ੍ਰਕਾਸ਼—ਜੀਵਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ਭੇਟਾ | ੧੫) |
| ਗਿਆਨ ਪ੍ਰਕਾਸ਼—ਗਿਆਨ ਦੀ ਪ੍ਰਾਪਤੀ ਲਈ ਅਮੋਲਕ ਹੈ | | ੧੫) |
| ਕਥਾ ਦੀਪ ਸਾਗਰ ਅਰਥਾਤ ਸੁਖਮਨੀ ਸਾਹਿਬ ਸਟੀਕ | | ੩੦) |
| ਕਥਾ ਸਾਗਰ ਅਰਥਾਤ ਜਪੁਜੀ ਸਾਹਿਬ ਸਟੀਕ | | ੨੪) |
| ਅਨੰਦ ਪ੍ਰਕਾਸ਼—ਅਨੰਦ ਸਾਹਿਬ ਸਟੀਕ | | ੧੫) |

ਮਿਲਣ ਦਾ ਪਤਾ :—

**ਪ੍ਰਕਾਸ਼ਕ :- ਭਾਈ ਚਤਰ ਸਿੰਘ ਜੀਵਨ ਸਿੰਘ**

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Sri Satguru Jagjit Singh Ji Elibrary NamdhariElibrary@gmail.com